ਹੈ ਤਾਂ ਕਿ ਹਿੰਸਾ ਘੱਟ ਹੋਵੇ।

**ਅਤਿਚਾਰ :**

ਇਸ ਵਰਤ ਦੇ ਪੰਜ ਅਤਿਚਾਰ ਹਨ ਜਿਸ ਨਾਲ ਇਹ ਵਰਤ ਭੰਗ ਹੁੰਦਾ ਹੈ :

1. **ਬੰਧ** : ਜੀਵਾਂ ਨੂੰ ਬਿਨਾਂ ਕਾਰਣ ਬੰਧਨ ਵਿਚ ਰਖਣਾ।
2. **ਵੱਧ** : ਜੀਵਾਂ ਨੂੰ ਨਿਰ ਅਪਰਾਧ ਕਤਲ ਕਰਨਾ।
3. **ਛਵਿਛੇਦ** : ਜੀਵਾਂ ਦੇ ਕਿਸੇ ਅੰਗਾਂ ਨੂੰ ਬਿਨਾ ਕਾਰਨ ਕਟਨਾ ਜਾਂ ਖੱਸੀ ਕਰਨ ਦਾ ਧੰਦਾ ਕਰਨਾ।
4. **ਅਤਿਭਾਰ** : ਜੀਵਾਂ ਤੇ ਜਰੂਰਤ ਤੋਂ ਜਿਆਦਾ ਭਾਰ ਲਦਣਾ, ਮਜ਼ਦੂਰਾਂ ਤੋਂ ਜ਼ਿਆਦਾ ਕੰਮ ਲੈਣਾ ਤੇ ਤਨਖਾਹ ਘੱਟ ਦੇਣਾ।
5. **ਭੋਜਨਪਾਨ ਵਿਛੇਦ** : ਆਪਣੇ ਅਧੀਨ ਜੀਵਾਂ ਦਾ ਭੋਜਨ ਪਾਣੀ ਬੰਦ ਕਰ ਦੇਣਾ ਜਾਂ ਸਮੇਂ ਤੇ ਨਾ ਦੇਣਾ ਜਾਂ ਘਟ ਦੇਣਾ।

**2, ਸਥੂਲ ਮਰਿਸ਼ਾਵਾਦ ਵਿਰਮਨ (ਮੋਟਾ ਝੂਠ)**

ਜੋ ਸਤ ਸਚਾਈ ਤੋਂ ਉਲਟ ਹੈ, ਜੋ ਛਿਪਾਇਆ ਜਾਵੇ ਜਾਂ ਕਿਸੇ ਦੇ ਦਿਲ ਨੂੰ ਦੁੱਖ ਦੇਣ ਵਾਲਾ ਹੋਵੇ, ਜੈਨ ਗ੍ਰਹਿਸਥ ਸ਼੍ਰਾਵਕ [ਉਪਾਸਕ] ਇਸ ਸਥੂਲ ਝੂਠ ਨੂੰ ਤਿਆਗ ਦੇਵੇ ਇਸ ਮਿਥਿਆ ਵਚਨਾ ਨੂੰ ਜੈਨ ਪਰਿਭਾਸ਼ਾ ਵਿਚ ਅਲੀਕ ਆਖਦੇ ਹਨ ਇਹ ਪੰਜ ਹਨ :

1. **ਕੰਨਿਆ ਲੀਕ** : ਕੁੜੀ, ਦਾਸ ਅਤੇ ਦਾਸੀ ਸੰਬੰਧੀ ਝੂਠ ਬੋਲਣਾ।
2. **ਗਵਾਲੀਕ** : ਗਾਂ ਆਦਿ ਦੁੱਧ ਦੇਣ ਵਾਲੇ ਪਾਲਤੂ ਪਸ਼ੂ ਦੀ ਖਰੀਦ ਵੇਚ ਵੇਲੇ ਪਸ਼ੂ ਸੰਬੰਧੀ ਝੂਠ ਬੋਲਣਾ।
3. **ਭੂਮੀਲੀਕ** : ਭੂਮੀ, ਖੇਤ, ਮਕਾਨ ਸੰਬੰਧੀ ਝੂਠ ਬੋਲਣਾ।
4. **ਨਿਆਸਪਹਾਰ** : ਕਿਸੇ ਦੀ ਰਖੀ ਅਮਾਨਤ ਲੈ ਕੇ ਮੁਕਰ ਜਾਣਾ।
5. **ਕੂਟਸ਼ਾਖਸੀ** : ਝੂਠੀ ਗਵਾਹੀ ਦੇਣਾ।

ਜੈਨ ਸ਼੍ਰਾਵਕ ਨੂੰ ਇਸ ਮੋਟੇ ਝੂਠ ਤੋਂ ਬਚਣਾ ਚਾਹੀਦਾ ਹੈ। ਇਸ ਵਰਤ ਦੇ 5 ਅਤਿਚਾਰ ਹਨ ਜੋ ਜਾਨਣ ਯੋਗ ਹਨ ਪਰ ਗ੍ਰਹਿਣ ਕਰਨ ਯੋਗ ਨਹੀਂ।

**ਅਤਿਚਾਰ**

1. **ਸਹਿਸਾ ਅਭਿਖਿਆਨ** :—ਬਿਨਾਂ ਵਿਚਾਰ ਕੀਤੇ, ਕਿਸ ਤੇ ਝੂਠਾ ਦੋਸ਼ ਮੜ ਦੇਣਾ।
2. **ਰਹਿਸਯ ਅਭਿਖਿਆਨ** ; ਕਿਸੇ ਦਾ ਗੁਪਤ ਭੇਦ ਪ੍ਰਗਟ ਕਰ ਦੇਣਾ।
3. **ਸਵਾਦਾਰ ਮੰਤਰ ਭੇਦ** : ਆਪਣੀ ਇਸਤ੍ਰੀ ਦੇ ਗੁਪਤ ਭੇਦ ਕਿਸੇ ਕੋਲ ਪ੍ਰਗਟ ਕਰਨਾ।
4. **ਮਿਰਸ਼ਾ ਦੋਸ਼** : ਕਿਸੇ ਨੂੰ ਵਿਭਚਾਰ ਦਾ ਉਪਦੇਸ਼ ਦੇਣਾ, ਗਲਤ ਸਲਾਹ ਦੇਣਾ

ਝੂਠ ਬੋਲਣ ਲਈ ਪ੍ਰੇਰਣਾ ।

5: **ਕੂਟ ਲੇਖ :** ਝੂਠੇ ਬਹੀ ਖਾਤੇ, ਜਾਲੀ ਦਸਤਾਵੇਜ ਤਿਆਰ ਕਰਨਾ ।

3. **ਸਥੂਲ ਅੱਦਤਾ ਦਾਨ**

ਇਸ ਵਰਤ ਵਿਚ ਸ਼੍ਰਮਣਾ (ਜੈਨ ਸਾਧੂਆਂ) ਦਾ ਉਪਾਸ਼ਕ (ਸ਼੍ਰਾਵਕ) ਮੋਟੀ ਚੋਰੀ ਦਾ ਤਿਆਗ ਕਰਦਾ ਹੈ । ਜੋ ਵਸਤੂ ਬਿਨਾਂ ਕਿਸੇ ਦੀ ਆਗਿਆ ਤੋਂ ਗ੍ਰਹਿਣ ਕੀਤੀ ਜਾਵੇ, ਉਹ ਚੋਰੀ ਅਖਵਾਉਂਦੀ ਹੈ । ਇਸ ਵਰਤ ਦੇ 5 ਅਤਿਚਾਰ ਹਨ ਜਿਸ ਨਾਲ ਇਹ ਵਰਤ ਖੰਡਤ ਹੋ ਸਕਦਾ ਹੈ ।

1. **ਸਤੇ ਨਾਹਤ :** ਚੋਰ ਰਾਹੀਂ ਲੈ ਆਉਂਦਾ ਮਾਲ ਰਖਣਾ ਜਾਂ ਖਰੀਦਣਾ ।

2. **ਤਸਕਰ ਪ੍ਰਯੋਗ :** ਚੋਰਾਂ ਨੂੰ ਚੋਰੀ ਲਈ ਪ੍ਰੇਰਣਾ ਦੇਣਾ ਜਾਂ ਤਿਆਰ ਕਰਨਾ ।

3. **ਵਿਰੁਧ ਰਾਜਯ ਤਿਕ੍ਰਮ :** ਰਾਜ ਦੇ ਕਾਨੂੰਨ ਦਾ ਉਲੰਘਨ ਕਰਕੇ ਟੈਕਸ਼ ਚੁੰਗੀ ਦੀ ਚੋਰੀ ਕਰਨਾ ।

4, **ਕੂਟ ਤੁਲਾ ਕੂਟ ਮਾਨ** : ਝੂਠੇ, ਤੋਲ, ਝੂਠੇ ਮਾਪ ਦਾ ਇਸਤੇਮਾਲ ਕਰਨਾ ।

5. **ਤੱਤ ਪ੍ਰਤੀ ਰੂਪਕ ਵਿਵਹਾਰ** : ਅਸ਼ੁਧ ਵਸਤੂ ਨੂੰ ਸ਼ੁਧ ਆਖ ਕੇ ਵੇਚਣਾ ਜਾਂ ਮਿਲਾਵਟ ਕਰਨਾ ।

4. **ਸਥੂਲ ਮੈਥੁਨ ਵਿਰਮਨ**

ਜੋ ਪੁਰਸ਼ ਬ੍ਰਹਮਚਰਜ਼ ਦਾ ਪਾਲਣ ਨਹੀਂ ਕਰ ਸਕਦਾ, ਉਸ ਲਈ ਜ਼ਰੂਰੀ ਹੈ ਕਿ ਉਹ ਆਪਣੀ ਵਿਵਾਹਿਤ ਇਸਤਰੀ ਤੋਂ ਛੁਟ ਹਰ ਇਸਤਰੀ ਨੂੰ ਮਾਂ, ਭੈਣ ਅਤੇ ਪੁਤਰੀ ਰੂਪ ਸਮਝੇ । ਉਪਾਸ਼ਕ ਪਰਾਈ ਕੰਨਿਆ, ਵੇਸ਼ੀਆ, ਦਾਸੀ ਅਤੇ ਹੋਰ ਇਸਤਰੀਆਂ ਨਾਲ ਕਾਮ ਭੋਗ ਦਾ ਤਿਆਗ,ਇਸ ਵਰਤ ਵਿਚ ਕਰਦਾ ਹੈ । ਇਸ ਵਰਤ ਦਾ ਇਕ ਨਾਂ ਹੈ ਸਵਦਾਰ ਸੰਤੋਸ਼ ਵਰਤ। ਸ਼੍ਰਾਵਕ ਇਸ ਵਰਤ ਦਾ ਪਾਲਨ ਇਕ ਕਰਮ ਇਕ ਯੋਗ ਨਾਲ ਕਰਦਾ ਹੈ। ਭਾਵ ਇਸ ਵਰਤ ਦਾ ਪਾਲਨ ਇਕਲੇ ਸਰੀਰ ਦੇ ਯੋਗ ਨਾਲ ਕੀਤਾ ਜਾਂਦਾ ਹੈ ਵਿਭਚਾਰ ਤੋਂ ਬਚਣ ਲਈ ਵਿਆਹ ਹੀ ਸਮਾਜਿਕ ਵਿਵਸਥਾ ਹੈ । ਗ੍ਰਹਿਸਥੀ ਨੂੰ ਪੁੱਤਰ ਪੁੱਤਰੀ ਦਾ ਵਿਆਹ ਵੀ ਕਰਨਾ ਹੁੰਦਾ ਹੈ । ਬੁਢਾਪੇ ਵਿਚ ਬੀਮਾਰ ਇਸਤਰੀ ਦੀ ਸੇਵਾ ਹਿੱਤ, ਉਸ ਦਾ ਸਪਰਸ਼ ਕਰਨਾ ਪੈ ਸਕਦਾ ਹੈ । ਇਸ ਵਰਤ ਦੀ ਰਾਖੀ ਲਈ ਤੀਰਥੰਕਰਾ ਨੇ ਪੰਜ ਅਤਿਚਾਰ ਦਸੇ ਹਨ । ਜੋ ਜਾਨਣ ਯੋਗ ਹਨ ਪਰ ਗ੍ਰਹਿਣ ਕਰਨ ਯੋਗ ਨਹੀਂ ਕਿਉਂਕਿ ਇਨ੍ਹਾ ਦਾ ਸੇਵਨ, ਵਰਤ ਨੂੰ ਤੋੜਦਾ ਹੈ ।

1) **ਈਤਵਰਿਕਾਪਰਿ ਗ੍ਰਹਿਤਾ ਗਮਨ :** ਕਾਮ ਵਸ ਹੋ ਕੇ, ਕਿਸੇ ਹੋਰ ਇਸਤਰੀ ਨੂੰ ਵਿਸ਼ੇਸ਼ ਲੋਭ ਦੇ ਕੇ ਕੁਝ ਦਿਨਾਂ ਲਈ ਕਾਮ ਭੋਗ ਵਾਸਤੇ ਤਿਆਰ ਕਰਨਾ ਜਾਂ ਭੋਗ ਯੋਗ ਇਸਤਰੀ ਦੇ ਭੋਗ ਦੀ ਇੱਛਾ ਕਰਨਾ ।

2. **ਅਪਰਿ ਗ੍ਰਹਿਤਾ ਗਮਨ :** ਕੁਆਰੀ, ਅਨਾਥ, ਵੇਸ਼ੀਆ ਨਾਲ ਕਾਮ ਭੋਗ

ਕਰਨਾ ਜਾਂ ਜਿਸ ਲੜਕੀ ਨਾਲ ਮੰਗਣੀ ਹੋ ਗਈ ਹੋਵੇ ਪਰ ਵਿਆਹ ਨਾ ਹੋਇਆ ਹੋਵੇ ਅਜੇਹੀ ਇਸਤਰੀ ਨਾਲ ਸਰੀਰਕ ਕਾਮ ਭੋਗ ਦੀ ਇੱਛਾ ਕਰਨਾ ।

3) **ਅਨੰਗ ਕ੍ਰੀੜਾ :** ਕਾਮ ਵਸ ਹੋ ਕੇ ਪਰਾਈ ਔਰਤ ਨਾਲ ਹਾਸਾ, ਮਜ਼ਾਕ ਕਰਨਾ, ਪਰਾਈ ਇਸਤਰੀ ਦੇ ਅੰਗਾਂ ਦਾ ਸਪਰਸ਼, ਕਾਮ ਕੇਂਦਰ ਤੋਂ ਛੁਟ ਹੋਰ ਕੇਂਦਰ ਨੂੰ ਕਾਮ ਭੋਗ ਦਾ ਵਿਸ਼ਾ ਬਣਾਉਣਾ, ਗੈਰ ਕੁਦਰਤੀ ਕਾਮ ਸੰਬੰਧ ਸਥਾਪਿਤ ਕਰਨਾ ।

4) **ਪਰ ਵਿਵਾਹ ਕਰਨ :** ਇਸ ਦੇ ਦੋ ਅਰਥ ਹਨ 1] ਆਪਣੇ ਰਿਸ਼ਤੇਦਾਰ ਨੂੰ ਛੱਡ ਕੇ ਹੋਰ ਲੋਕਾਂ ਦੀਆ ਧੀਆਂ ਪੁਤਾਂ ਦੇ ਵਿਆਹ ਪੁੰਨ ਜਾਂ ਲਾਲਚ ਵਸ ਕਰਾਉਣਾ ਕਿਉਂਕਿ ਵਿਆਹ ਵਿਚ ਮੈਥੁਨ ਕ੍ਰਿਆ ਇਕ ਲਾਜ਼ਮੀ ਅੰਗ ਹੈ । ਸੋ ਉਪਾਸ਼ਕ ਨੂੰ ਕਾਮ ਭੋਗ ਤੋਂ ਹਟਾਉਣ ਲਈ ਹੀ ਇਸ ਦੀ ਮਨਾਹੀ ਹੈ । 2] ਕਿਸੇ ਦੇ ਰਿਸ਼ਤੇ ਨਾਲ ਤੜਵਾਉਣ ਦਾ ਕੰਮ ਕਰਨਾ, ਕਿਸੇ ਦਾ ਰਿਸ਼ਤਾ ਤੁੜਵਾ ਕੇ ਆਪਣੇ ਰਿਸ਼ਤੇਦਾਰ ਨੂੰ ਲੈ ਜਾਣਾ ।

5) **ਕਾਮ ਭੋਗ ਤੀਵਰ ਅਭਿਲਾਸ਼ਾ :** ਕਾਮ ਭੋਗ ਦਾ ਅਰਥ ਹੈ ਪੰਜ ਇੰਦ-ਰੀਆਂ ਦੇ ਵਿਸ਼ੇ ਸ਼ਬਦ, ਰੂਪ, ਰਸ, ਗੰਧ, ਸਪਰਸ਼ । ਕਾਮ ਭੋਗ ਵਧਾਉਣ ਲਈ ਦਵਾਈਆਂ ਦਾ ਇਸਤੇਮਾਲ ਕਰਨਾ, ਗਲਤ ਸਮੇਂ ਕਾਮ ਭੋਗ ਕਰਨਾ, ਹਰ ਸਮੇਂ ਕਾਮ ਭੋਗ ਲਈ ਤਿਆਰ ਰਹਿਣਾ ਇਸ ਵਿਚ ਸ਼ਾਮਲ ਹੈ ।

## 5. ਇੱਛਾ ਪਰਿਮਾਣ ਵਰਤ—ਪਰਿਗ੍ਰਹਿ ਪਰਿਮਾਣ ਵਰਤ

ਪਰਿਗ੍ਰਹਿ ਤੋਂ ਭਾਵ ਹੈ ਵਸਤਾਂ ਦਾ ਸੰਗ੍ਰਿਹ ਕਰਨ ਦੀ ਭਾਵਨਾ । ਗ੍ਰਹਿਸ਼ਥੀ ਜਰੂਰਤ ਤੋਂ ਵਧ ਵਸਤਾਂ ਦਾ ਸੰਗ੍ਰਹਿ ਨਾ ਕਰੇ ਵਸਤਾਂ ਦੀ ਹੱਦ ਨਿਸ਼ਚੇ ਕਰੇ ਨਿਸਚਿਤ ਹੱਦ ਨੂੰ ਪਾਰ ਨਾ ਕਰੇ । ਪਰਿਗ੍ਰਹਿ ਦੋ ਪ੍ਰਕਾਰ ਦਾ ਹੈ 1] ਦਰੱਵ ਪਰਿਗ੍ਰਹਿ 2] ਭਾਵ ਪਰਿਗ੍ਰਹਿ

ਧਨ, ਅਨਾਜ, ਖੇਤ, ਇਸਤਰੀ, ਘਰੇਲੂ, ਸੋਨਾ, ਚਾਂਦੀ, ਵਸਤਾਂ, ਨੌਕਰ, ਚਾਕਰ, ਰਥ, ਜਹਾਜ਼, ਖਾਣ ਪੀਣ ਪਹਿਨਣ ਦੀ ਸਾਮਗਰੀ ਦਰਵ ਪਰਿਗ੍ਰਹਿ ਵਿਚ ਸ਼ਾਮਲ ਹੈ ।

ਭਾਵ ਪਰਿਗ੍ਰਹਿ ਤੋਂ ਭਾਵ ਬਾਹਰੀਆਂ ਇਛਾਵਾਂ, ਤ੍ਰਿਸ਼ਨਾਵਾਂ, ਲੋਭ, ਲਾਲਸਾ ਅਤੇ ਵਾਸ਼ਨਾਵਾਂ ਹੈ । ਇਨ੍ਹਾਂ ਦੋ ਪ੍ਰਕਾਰ ਦੇ ਪਰਿਗ੍ਰਹਿ ਦੀ ਹੱਦ ਨਿਸ਼ਚਿਤ ਕਰਨਾ ਇੱਛਾ ਪਰਿ-ਮਾਣ ਵਰਤ ਹੈ ।

ਇਸ ਵਰਤ ਦੇ ਪੰਜ ਅਤਿਚਾਰ ਹਨ ਜਿਨ੍ਹਾਂ ਤੋਂ ਬਚਣਾ ਜਰੂਰੀ ਹੈ ।

### ਅਤਿਚਾਰ

1. **ਖੇਤਰ ਵਸਤੂ ਪ੍ਰਮਾਣ ਅਤਿਕ੍ਰਮ :** ਖੇਤ, ਮਕਾਨ, ਦੁਕਾਨ ਤੇ ਘਰ ਦੀ ਹੱਦ ਨਿਸ਼-ਚਿਤ ਕਰਕੇ ਉਸ ਦੀ ਉਲੰਘਨਾ ਕਰਨਾ । ਭਾਵ ਕੋਈ ਉਪਾਸਕ ਤਿੰਨ ਦੁਕਾਨਾਂ ਰਖਣ ਦੀ ਹੱਦ ਨਿਸ਼ਚਿਤ ਕਰਦਾ ਹੈ ਤਾਂ ਉਸ ਨੂੰ ਚੌਥੀ ਦੁਕਾਨ ਦੀ ਲਾਲਸਾ ਕਰਨੀ ਬੇਕਾਰ ਹੈ ।

2. **ਹਿਰਨੇਸਵਰਨ ਪ੍ਰਮਾਣ ਅਤਿਕ੍ਰਮ :** ਘੜੇ ਜਾਂ ਅਨ ਘੜੇ ਸੋਨੇ ਚਾਂਦੀ ਦੀ ਨਿਸ਼ਚਿਤ ਹੱਦ ਦੀ ਉਲੰਘਣਾ ਕਰਨਾ । ਜਾਂ ਵਾਧੂ ਸੋਨਾ, ਚਾਂਦੀ ਨੂੰ ਧੀ, ਪੁੱਤਰ ਰਿਸ਼ਤੇਦਾਰ

ਦੇ ਨਾਂ ਲਗਵਾ ਕੇ ਆਂਪਣਾ ਮਾਲਕੀ ਹੱਕ ਬਰਕਰਾਰ ਰਖਣਾ ।

3. **ਧਨ-ਧਾਨਯ ਪ੍ਰਮਾਣ ਅਤਿਕ੍ਰਮ :** ਪੈਸੇ ਤੇ ਅਨਾਜ ਦੀ ਨਿਸ਼ਚਿਤ ਹੱਦ ਨੂੰ ਪਾਰ ਕਰਨਾ । ਉਸ ਨੂੰ ਵਾਧੂ ਧਨ ਨੂੰ ਕਿਸੇ ਹੋਰ ਸ਼ਕਲ ਵਿਚ ਰਖਣਾ ।

4. **ਦਵਿਪਦ-ਚਤਸ਼ ਪਦ ਪਰਿਮਾਤਿਕ੍ਰਮ** : ਦੋ ਪੈਰ ਵਾਲੇ ਦਾਸ, ਦਾਸੀ, ਇਸਤਰੀ, ਪੁਰਸ਼ ਦੋ ਪੈਰ ਵਾਲੇ ਤੋਤਾ, ਮੈਨਾ ਆਦਿ ਪੰਛੀਆਂ ਦੀ ਹਦ ਨਿਸ਼ਚਿਤ ਕਰਨਾ ਉਲੰਘਨਾ ਨਾ ਕਰਨਾ । ਚਾਰ ਪੈਰ ਵਾਲੇ ਹਾਥੀ, ਘੋੜੇ, ਦੁਧ ਦੇਣ ਵਾਲੇ ਪਸ਼ੂਆਂ ਦੀ ਹੱਦ ਨਿਸ਼ਚਿਤ ਕਰਕੇ ਉਲੰਘਨ ਨਾ ਕਰਨਾ ।

5. **ਕੁਪਯ ਪ੍ਰਮਾਣ ਪ੍ਰਤੀਕ੍ਰਮ** : ਘਰ ਦੀ ਨਿੱਤ ਵਰਤੋਂ ਦੀ ਸਮਗਰੀ ਦੀ ਹਦ ਨਿਸ਼ਚਿਤ ਕਰਨਾ ਅਤੇ ਉਸ ਦੀ ਉਲੰਘਨਾ ਨਾ ਕਰਨਾ । ਇਸ ਤੋਂ ਛੁਟ ਹਰ ਉਪਾਸਕ ਲਈ ਜ਼ਰੂਰੀ ਹੈ ਕਿ ਉਹ ਰਾਤਰੀ ਭੋਜਨ ਦਾ ਤਿਆਗ ਕਰੇ ।

## ਤਿੰਨ ਗੁਣ ਵਰਤ

ਪੰਜ ਅਣੂਵਰਤਾ ਲਈ ਅਤੇ ਇਸ ਦੇ ਅਤਿਆਚਾਰਾ ਨੂੰ ਧਿਆਨ ਵਿਚ ਰਖ ਕੇ ਜੈਨ ਧਰਮ ਵਿਚ ਗ੍ਰਹਿਸਥ ਉਪਾਸਕ ਨੂੰ ਤਿੰਨ ਗੁਣ ਵਰਤ ਦਾ ਵਿਧਾਨ ਹੈ ।

## ਦਿਕ ਪਰਿਮਾਣ ਵਰਤ

ਸੰਸਾਰ ਬਹੁਤ ਵਿਸਥਾਰ ਵਾਲਾ ਹੈ । ਮਨੁੱਖ ਦੀਆਂ ਇੱਛਾਵਾਂ, ਕਾਮਨਾਵਾਂ ਇਸ ਤੋਂ ਵੀ ਵਿਸਥਾਰ ਵਾਲੀਆਂ ਹਨ । ਦਿਕ ਤੋਂ ਭਾਵ ਦਿਸ਼ਾ ਹੈ । ਇਸ ਵਰਤ ਦਾ ਸਾਧਕ ਗ੍ਰਹਿਸਥ ਚਾਰੇ ਦਿਸ਼ਾਵਾ ਪਾਸੇ ਘੁੰਮਣ ਦੀ ਹੱਦ ਨਿਸ਼ਚਿਤ ਕਰਦਾ ਹੈ । ਜਿਸ ਨਾਲ ਉਹ ਹਿੰਸਾ, ਝੂਠ, ਚੋਰੀ, ਵਿਭਚਾਰ ਇਛਾਵਾਂ, ਕਾਮਨਾਵਾਂ ਤੇ ਪਰਿਗ੍ਰਹਿ ਤੋਂ ਕਾਫੀ ਹੱਦ ਤਕ ਸਹਿਜ ਬਚ ਜਾਂਦਾ ਹੈ ।

### ਅਤਿਆਚਾਰ

ਇਸ ਵਰਤ ਦੇ 5 ਅਤਿਆਚਾਰ ਹਨ ਜਿਨ੍ਹਾਂ ਨਾਲ ਵਰਤ ਖੰਡਤ ਹੁੰਦਾ ਹੈ ।

1. **ਉਰਧਵ ਦਿਸ਼ਾ ਪਰਿਮਾਣਤਕਰਮ :** ਉਰਧਵ ਦਿਸ਼ਾ ਵਲ ਮਿਥੀ ਹਦ ਤੋਂ ਵਧ ਜਾਣਾ ।

2. **ਅਧੋ ਦਿਸ਼ਾ ਪਰਿਮਾਣਤ ਕਰਮ** : ਹੇਠਲੀ ਦਿਸ਼ਾ ਦੀ ਨਿਸ਼ਚਿਤ ਹੱਦ ਦਾ ਉਲੰਘਨ ਕਰਨਾ ।

3. ਪੂਰਬ ਪਛਮ ਆਦਿ ਦੇ ਤਿਰਛੀ ਦਿਸ਼ਾਵਾਂ ਦੀ ਹੱਦ ਦਾ ਉਲੰਘਨ ਕਰਨਾ ।

4. **ਖੇਤਰ ਵਿਰਧੀ :** ਨਿਸ਼ਚਿਤ ਇਕ ਦਿਸ਼ਾ ਦੀ ਸੀਮਾ ਘਟ ਕਰਕੇ ਦੂਸਰੇ ਪਾਸੇ ਦੀ ਸੀਮਾ ਵਧਾ ਕੇ ਉਲੰਘਨ ਕਰਨਾ ।

5. **ਸਮਿਰਤੀ ਅੰਤਰ ਧਾਰ** : ਨਿਸ਼ਚਿਤ ਸੀਮਾ ਨੂੰ ਭੁਲ ਜਾਣਾ, ਜਾਂ ਸੀਮਾ ਦੀ ਹਦ ਪ੍ਰਤੀ ਸ਼ਕਾ ਹੋ ਜਾਣਾ ।

## ਉਪਭੋਗ-ਪਰਿਭੋਗ ਪਰਿਮਾਣ ਵਰਤ

ਜੋ ਵਸਤੂ ਇਕ ਵਾਰੀ ਭੋਗੀ ਜਾਵੇ ਉਹ ਭੋਗ ਅਖਵਾਉਂਦੀ ਹੈ ਜਿਵੇਂ ਭੋਜਨ. ਪਾਣੀ, ਇਸ਼ਨਾਨ, ਸ਼ਿੰਗਾਰ। ਜੋ ਵਸਤੂ ਵਾਰ-੨ ਭੋਗ ਵਿਚ ਆਵੇ ਉਹ ਉਪ ਭੋਗ ਹੈ। ਜਿਵੇਂ ਗਹਿਣੇ, ਮੰਜਨ, ਬਿਸਤਰਾ। ਇਸ ਵਰਤ ਦੇ 5 ਅਤਿਚਾਰ ਹਨ।

1. **ਤਰੱਸ ਵਧ ਨਿਸ਼ਪਨ** : ਹਿਲਨ ਚਲਨ ਵਾਲੇ ਤਰੱਸ ਜੀਵ ਹਨ। ਜੋ ਵਸਤੂ ਇਨ੍ਹਾਂ ਨੂੰ ਮਾਰ ਕੇ ਬਨਾਈ ਜਾਵੇ ਉਹ ਤਰੱਸ ਬੱਧ ਹੈ। ਜਿਵੇਂ ਮਾਸ, ਸ਼ਰਾਬ ਆਦਿ।

2. **ਅਤਿ ਵੱਧ ਨਿਸ਼ਪਨ** : ਜੋ ਵਸਤੂ ਸਥਾਵਰ (ਪ੍ਰਿਥਵੀ ਆਦਿ ਇਕ ਇੰਦਰੀਆ) ਦੇ ਜੀਵਾ ਦੇ ਵਿਨਾਸ਼ ਨਾਲ ਪ੍ਰਾਪਤ ਹੋਵੇ। ਜਿਵੇਂ ਗੂਲਰ, ਬਰੋਟੇ, ਪੀਪਲ ਦੇ ਫਲ। ਗ੍ਰਹਿਸਥ ਲਈ ਭੋਗ ਯੋਗ ਨਹੀਂ ਹਨ।

3. **ਪ੍ਰਮਾਦ** : ਉਪਾਸਕ ਨੂੰ ਤਾਮਸਿਕ, ਪਦਾਰਥ, ਨਸ਼ਾ ਨਹੀਂ ਕਰਨਾ ਚਾਹੀਦਾ ਜਿਸ ਕਾਰਣ ਉਸ ਦੇ ਸਰੀਰ ਵਿਚ ਆਲਸ, ਬੇਹੋਸ਼ੀ ਅਣਗਹਿਲੀ, ਜਾ ਅਸਾਵਧਾਨੀ ਜਨਮ ਲਵੇ। ਕਿਉਂਕਿ ਅਸਾਵਧਾਨੀ ਪਾਪਾ ਦੀ ਮਾਂ ਹੈ।

4. **ਅਨੁਪਸੇਵਯ** : ਉਪਾਸਕ ਕਿਸੇ ਤੋਂ ਖੋਂ ਕੇ ਭੋਜਨ ਨਾਂ ਕਰੋ। ਕਿਸੇ ਦਾ ਹੱਕ ਨਾ ਮਾਰੇ। ਬਾਰੀਕ ਵਸਤਰ ਨਾਂ ਪਹਿਨੇ। ਭੁੱਖ ਤੋਂ ਇਲਾਵਾ, ਸਵਾਦ ਲਈ ਭੋਜਨ ਨਾ ਕਰੇ।

5. **ਆਰੋਗਯਘਾਤਕ** : ਅਜਿਹਾ ਭੋਜਨ ਸ੍ਰਾਵਕ ਲਈ ਮਨਾ ਹੈ ਜੋ ਸਰੀਰ ਵਿਚ ਰੋਗ ਪੈਦਾ ਕਰਦਾ ਹੋਵੇ।

## ਉਪਭੋਗ ਪਰਿਭੋਗ ਪਦਾਰਥ

1. ਹੱਥ, ਮੂੰਹ, ਪੈਰ ਧੋਣ ਵਾਲੇ ਤੋਲੀਏ ਦੀ ਹੱਦ ਨਿਸ਼ਚਿਤ ਕਰਨਾ ਉਲਹਕਿਆ ਵਿਧੀ ਹੈ।
2. ਦਾਤੁਨ, ਬਰਸ਼ ਆਦਿ ਦੀ ਹੱਦ ਨਿਸ਼ਚਿਤ ਕਰਨ ਦੰਤਨ ਵਿਧੀ ਹੈ।
3. ਆਂਵਲੇ ਆਦਿ ਦੀ ਹੱਦ ਨਿਸ਼ਚਿਤ ਕਰਨਾ ਫਲ ਵਿਧੀ ਹੈ।
4. ਮਾਲਸ਼ ਵਾਲੇ ਤੇਲ ਦੀ ਹੱਦ ਨਿਸ਼ਚਿਤ ਕਰਨ ਉਭੰਗਣ ਵਿਧੀ ਹੈ।
5. ਬਟਣੇ ਆਦਿ ਦੇ ਪਦਾਰਥਾਂ ਦੀ ਹੱਦ ਨਿਸ਼ਚਿਤ ਕਰਨਾ ਓਵਟਨ ਵਿਧੀ ਹੈ।
6. ਇਸ਼ਨਾਨ ਆਦਿ ਲਈ ਪਾਣੀ ਦੀ ਹੱਦ ਨਿਸ਼ਚਿਤ ਕਰਨਾ ਮੱਜਨ ਵਿਧੀ ਹੈ।
7. ਪਹਿਨਣ ਵਾਲੇ ਕੱਪੜੇ ਦੀ ਹੱਦ ਨਿਸ਼ਚਿਤ ਕਰਨਾ ਵਥ ਵਿਧੀ ਹੈ।
8. ਚੰਦਨ ਦੇ ਲੇਪ ਦੀ ਹੱਦ ਵਿਲੇਵਨ ਵਿਧੀ ਹੈ।
9. ਫੂਲ, ਫੂਲ ਮਾਲਾ ਦੀ ਹੱਦ ਧੂਫ ਵਿਧੀ ਹੈ।
10. ਗਹਿਣੇ, ਪਹਿਨਣ ਦੀ ਹੱਦ ਆਭਰਨ ਵਿਧੀ ਹੈ।
11. ਧੂਪ ਆਦਿ ਦੇ ਕਮਰੇ, ਕੱਪੜੇ ਨੂੰ ਸੁਗੰਧਿਤ ਕਰਨ ਦੀ ਮਰਿਆਦਾ ਧੂਪ ਵਿਧੀ ਹੈ।

12. ਨਾਸ਼ਤੇ ਲਈ ਪੀਣ ਯੋਗ ਪਦਾਰਥਾ ਦੀ ਨਿਸ਼ਚਿਤ ਹੱਦ ਪੇਜ ਵਿਧੀ ਹੈ।
13. ਰੋਟੀ ਆਦਿ ਖਾਣ ਦੀ ਮਰਿਆਦਾ ਭਵਖਨ ਵਿਧੀ ਹੈ।
14. ਚਾਵਲਾ ਦੀ ਮਰਿਆਦਾ ਔਦਨ ਵਿਧੀ ਹੈ।
15. ਦਾਲਾਂ ਦੀ ਮਰਿਆਦਾ ਸੂਪ ਵਿਧੀ ਹੈ।
16. ਘੀ, ਦੁੱਧ, ਦਹੀ, ਤੇਲ, ਗੁੜ ਚੀਨੀ ਜਾ ਇਸ ਰਾਹੀਂ ਬਣੇ ਪਦਾਰਥਾਂ ਦੀ ਹੱਦ ਵਿਗੇ ਵਿਧੀ ਹੈ।
17. ਸਾਗ ਭਾਜੀ ਦੀ ਮਰਿਆਦਾ ਸਾਗ ਵਿਧੀ ਹੈ।
18. ਮਿੱਠੇ ਪੱਕੇ ਫਲਾਂ ਦੀ ਹੱਦ ਮਹੂਰ ਵਿਧੀ ਹੈ।
19. ਭੋਜਨ ਯੋਗ ਪਦਾਰਥਾਂ ਦੀ ਹੱਦ ਭੋਜਯ ਵਿਧੀ ਹੈ।
20. ਪੀਣ ਵਾਲੇ ਪਾਣੀ ਦੀ ਹੱਦ ਪਾਣੀ ਵਿਧੀ ਹੈ।
21. ਲੌਂਗ, ਸਪਾਰੀ, ਪਾਨ ਆਦਿ ਮੂੰਹ ਨੂੰ ਤਾਜਾ ਅਤੇ ਖੁਸ਼ਬੂ ਦਾਰ ਰੱਖਣ ਵਾਲੇ ਪਦਾ-ਰਥਾਂ ਦੀ ਹੱਦ ਮੁਖਵਾਸ ਵਿਧੀ ਹੈ।
22. ਸਵਾਰੀਆਂ ਯੋਗ ਵਾਹਨ ਦੀ ਹੱਦ ਵਾਹਨ ਵਿਧੀ ਹੈ।
23. ਪੈਰ ਵਿਚ ਪਹਿਨਣ ਵਾਲੇ ਜੁੱਤੇ ਆਦਿ ਦੀ ਨਿਸ਼ਚਿਤ ਹੱਦ ਉਵਾਹਨ ਵਿਧੀ ਹੈ।
24. ਸੌਣ ਵਾਲੇ ਮੰਜੇ, ਆਸਨ, ਫਟੇ ਵਾਲੇ ਸੋਣ ਯੋਗ ਪਦਾਰਥ ਦੀ ਹੱਦ ਸ਼ਯਨ ਵਿਧੀ ਹੈ।
25. ਸਚਿੱਤ (ਜਾਨਦਾਰ) ਵਸਤਾ ਦੀ ਹੱਦ ਸਚਿੱਤ ਵਿਧੀ ਹੈ।
26. ਹਰ ਰੋਜ ਖਾਣ ਵਿਚ ਪ੍ਰਯੋਗ ਆਉਣ ਵਾਲੇ ਪਦਾਰਥਾਂ ਦੀ ਨਿਸ਼ਚਿਤ ਹੱਦ ਦਵ ਵਿਧੀ ਹੈ।

## 15 ਕਰਮਾ ਦਾਨਾਂ ਦੇ ਨਾਂ

ਕਰਮ ਦਾਨ ਤੋਂ ਭਾਵ ਇਹ ਹੈ ਕਿ ਉਹ ਕਰਮ (ਕੰਮ) ਜੋ ਕਰਮ ਬੰਧ ਵਧਾਉਣ ਵਿਚ ਸਹਾਇਕ ਹਨ। ਗ੍ਰਹਿਸਥ ਜਦ ਆਪਣੀ ਆਤਮ ਵਿਕਾਸ ਦੀ ਮੰਜਿਲ ਵੱਲ ਚਲਦਾ ਹੈ ਤਾਂ ਉਹ ਹਰ ਉਹ ਕੰਮ ਤੋਂ ਬਚਦਾ ਹੈ ਜਿਸ ਵਿਚ ਹਿੰਸਾ ਜਿਆਦਾ ਹੈ। ਸੋ ਵਰਤਾਂ ਦੇ ਧਾਰੀ ਜੈਨ ਸ਼੍ਰਾਵਕ ਨੂੰ ਤੀਰਥੰਕਰ ਨੇ 15 ਉਹ ਰੋਜਗਾਰ ਨਾਂ ਕਰਨ ਦੀ ਹਿਦਾਇਤ ਕੀਤੀ ਹੈ ਜੋ ਕਿਸੇ ਨਾਂ ਕਿਸੇ ਤਰ੍ਹਾ ਹਿੰਸਾ ਦਾ ਕਾਰਣ ਹਨ, ਸ੍ਰਿਸ਼ਟੀ ਦੀ ਕੁਦਰਤੀ ਰਚਨਾ (ਪ੍ਰਦੂਸ਼ਨ) ਖਰਾਬ ਕਰਦੇ ਹਨ, ਬੇਜਰੁਗਾਰੀ ਵਧਾਉਂਦੇ ਹਨ। ਜਿਨਾਂ ਕੰਮਾ ਕਾਰਣ ਸ਼ੋਸ਼ਨ ਵਧਦਾ ਹੈ ਜੋ ਧੰਦੇ ਸਮਾਜ ਲਈ ਸਮਸਿਆਵਾਂ ਪੈਦਾ ਕਰਦੇ ਹਨ। ਇਹ ਇਸ ਪ੍ਰਕਾਰ ਹਨ :—

1. **ਅੰਗਾਰ ਕਰਮ** : ਕੋਲੇ ਬਨਾਉਣ ਦਾ ਧੰਦਾ
2. **ਬਨ ਕਰਮ** : ਜੰਗਲ ਕਟਾਉਣ ਦਾ ਧੰਦਾ
3. **ਸ਼ਕਟ ਕਰਮ** : ਰੱਥ ਆਦਿ ਪਸ਼ੂ ਵਾਹਨ ਬਨਾਉਣ ਦਾ ਧੰਦਾ

4. **ਭਾਟਕ ਕਰਮ** : ਪਸ਼ੂਆਂ ਨੂੰ ਕਿਰਾਏ ਤੇ ਦੇਣ ਦਾ ਧੰਦਾ

5. **ਸਫੋਟ ਕਰਮ** : ਬਾਰੂਦੀ, ਸੁਰੰਗਾਂ ਵਿਛਾ ਕੇ ਪੱਥਰ ਤੋੜਨ ਦਾ ਧੰਦਾ

6. **ਦੰਤ ਬਨਿਜ** : ਪਸ਼ੂਆਂ ਦੇ ਦੰਦਾਂ ਦੇ ਵਿਉਪਾਰ ਦਾ ਧੰਦਾ

7. **ਲਾਖ ਬਨਿਜ** : ਲਾਖ ਇੱਕਠੀ ਕਰਕੇ ਵੇਚਣ ਦਾ ਧੰਦਾ

8. **ਰਸ ਬਨਿਜ** : ਸ਼ਰਾਬ, ਸਿਰਕਾ ਵੇਚਨਾ ਜਾਂ ਬਨਾਉਣ ਦਾ ਧੰਦਾਂ

9 **ਵਿਸ਼ ਬਨਿਜ** : ਜਹਿਰ, ਹਥਿਆਰ ਵੇਚਨ ਦਾ ਧੰਦਾ

10. **ਕੇਸ਼ ਬਾਨਿਜ** : ਬਾਲਾਂ ਦਾ ਧੰਦਾ

11. **ਜੰਤਨ ਪੀੜਨ ਕਰਮ** : ਕੋਹਲੂ ਪੀੜਨ ਦਾ ਧੰਦਾ

12. **ਨਿਰਲਾਛਨ ਕਰਮ** : ਪਸ਼ੂਆਂ ਨੂੰ ਖੱਸੀ ਬਨਾਉਣਾ ਦਾ ਧੰਦਾ

13. **ਦਵਾਦਿਅਗਨੀ ਕਰਮ** : ਜੰਗਲ ਨੂੰ ਅੱਗ ਲਗਾਉਣ ਦਾ ਧੰਦਾ

14. **ਸਰੋਹਦ ਤੜਾਗ ਪਰਿਸ਼ੋਨ ਕਰਮ** : ਤਲਾਵ, ਸਰੋਵਰ ਸੁਖਾਉਣ ਦਾ ਧੰਦਾ।

15. **ਅਸਯਤੀਜਨ ਪੋਸ਼ਨ ਕਰਮ** : ਵੈਸਿਆਵਾਂ ਨੂੰ ਵਿਭਚਾਰ ਹਿਤ ਰਖਨ ਦਾ ਧੰਦਾ। ਇਸ ਵਿਚ ਕੁਤੇ ਨੂੰ ਸ਼ਿਕਾਰ ਹੇਤੂ ਪਾਲਨ, ਮੁਰਗੀ, ਸੁਅਰ ਪਾਲਨ ਵੀ ਸ਼ਾਮਲ ਹੈ।

ਵਿਵੇਕ ਸ਼ੀਲ ਉਪਾਸ਼ਨ ਨੂੰ ਸ਼ਕਤੀ ਅਨੁਸਾਰ ਇਨ੍ਹਾਂ ਧੰਦਿਆਂ ਦਾ ਤਿਆਗ ਕਰਨਾ ਚਾਹੀਦਾ ਹੈ।

## ਅਤਿਚਾਰ

ਇਸ ਵਰਤ ਦੇ 5 ਅਤਿਚਾਰ ਜਾਨਣ ਯੋਗ ਹਨ ਗ੍ਰਹਿਣ ਕਰਨ ਯੋਗ ਨਹੀਂ

1. **ਸਚਿਤਾਹਾਰ** : ਸ੍ਰਾਵਕਦਵਾਰ ਨਿਸ਼ਚਿਤ ਸਚਿਤ ਅਹਾਰ ਮਰਿਆਦਾ ਦਾ ਉਲਘੰਨ।

2. **ਸਚਿਤਾ ਪ੍ਰਤਿ ਵੱਧਤਾ ਅਹਾਰ** : ਸਚਿੱਤ ਅਹਾਰ ਦੇ ਤਿਆਗ ਤੇ ਸਚਿਤ ਨੂੰ ਸਪਰਸ਼ ਕਰਦਾ ਭੋਜਨ ਅਤਿਚਾਰ ਹੈ।

3. **ਅਪਕੱਵਾਹਾਰ** : ਜੋ ਅੱਗ ਰਾਹੀਂ ਨਹੀਂ ਪਕਿਆ ਹੋਵੇ ਉਹ ਭੋਜਨ ਗ੍ਰਹਿਣ ਕਰਨਾ ਅਤਿਚਾਰ ਹੈ।

4. **ਦੁਸ਼ਪਕਵਾਹਾਰ** : ਜੋ ਭੋਜਨ ਪੱਕ ਤਾਂ ਗਿਆ ਹੈ ਪਰ ਜ਼ਰੂਰਤ ਤੋਂ ਜ਼ਿਆਦਾ ਪਕ ਗਿਆ ਹੈ। ਉਹ ਗ੍ਰਹਿਣ ਕਰਨਾ ਅਤਿਚਾਰ ਹੈ।

5. **ਤੁੱਛ ਔਸ਼ਧੀ ਭਕਸ਼ਨ** : ਅਜਿਹੀ ਬਨਸਪਤਿ ਦਾ ਸੇਵਨ ਜਿਸ ਵਿਚ ਖਾਣ ਪਦਾਰਥ ਘਟ ਹੋਣ ਅਤੇ ਸੁਟਣ ਯੋਗ ਵੱਧ ਹੈ ਦਾ ਗ੍ਰਹਿਣ ਅਤਿਚਾਰ ਹੈ।

## ਅਨਰਥ ਦੰਡ ਵਿਰਮਨ

ਸਾਰੇ ਹਿੰਸਾ ਦੇ ਕੰਮ ਪਾਪ ਦਾ ਕਾਰਣ ਹਨ। ਇਨ੍ਹਾਂ ਦੇ ਦੋ ਭੇਦ ਹਨ ਸਾਰਥਕ ਤੇ ਅਨਥਰਕ। ਜੋ ਅਨਥਰਕ ਦੰਡ (ਕੰਮ) ਹਨ ਉਸ ਦਾ ਸ੍ਰਾਵਕ ਹਮੇਸ਼ਾ ਲਈ ਤਿਆਗ

ਕਰਦਾ ਹੈ। ਇਸ ਵਰਤ ਦੇ ਚਾਰ ਭੇਦ ਹਨ ਜਿਨ੍ਹਾਂ ਤੋਂ ਬਚਣਾ ਜ਼ਰੂਰੀ ਹੈ।

1. ਅਪ-ਧਿਆਨ ਚਰਿਤ : ਆਰਤ ਤੇ ਰੋਦਰ ਧਿਆਨ, ਭਾਵ ਹਿੰਸਾ ਦਾ ਕਾਰਣ-ਹਨ ਸੋ ਛਡਨ ਯੋਗ ਹਨ।

2. ਪ੍ਰਮਾਦ ਚਰਿਤ : ਧਰਮ ਦੇ ਉਲਟ ਸਾਰੀਆਂ ਕ੍ਰਿਆਵਾਂ ਪ੍ਰਮਾਦਾਚਰਨ ਹਨ। ਇਸ ਭਾਵਨਾ ਨਾਲ ਸ਼ਬਦ, ਰੂਪ, ਰਸ, ਗੰਧ, ਸਪਰਸ ਦੇ ਉਪਭੋਗ ਜਾਗਦੇ ਹਨ।

3. ਹਿਸੰਰਪ੍ਰਦਨਾ : ਹਿੰਸਾ ਦਾ ਕਾਰਣ ਹਥਿਆਰ ਕਿਸੇ ਨੂੰ ਦੇਨਾ ਹਿੰਸਰਪ੍ਰਦਨਾ ਅਨੰਰਥ ਵੰਡ ਹੈ।

4. ਪਾਪ ਕਰਮ ਉਪਦੇਸ਼ : ਚੋਰੀ, ਯਾਰੀ ਲਈ ਕਿਸੇ ਨੂੰ ਪਾਪ ਕਰਮ ਦਾ ਉਪਦੇਸ਼ ਪਾਪ ਕਰਮ ਉਪਦੇਸ਼ ਅਨਰਥ ਦੰਡ ਹੈ।

ਇਸ ਵਰਤ ਦੇ ਪੰਜ ਅਤਿਚਾਰ ਜਾਨਣਯੋਗ ਹਨ ਗ੍ਰਹਿਣ ਕਰਨ ਯੋਗ ਨਹੀਂ।

**ਅਤਿਚਾਰ**

1. ਕੰਦਰਪ : ਕਾਮ ਵਿਕਾਰ ਬੋਲਨ ਵਾਲੇ ਵਾਕ ਬੋਲਨਾ, ਬੇਹੁਦਾ ਹਰਕਤਾਂ ਕਰਨਾ।

2. ਕੋਤਕੁਚਯ : ਭੰਡਾ ਦੀ ਤਰ੍ਹਾਂ ਹਾਸਾ ਮਜਾਕ ਕਰਨਾ।

3. ਮੋਖਰਿਆ : ਮੁਰਖਤਾ ਨਾਲ ਉਲ ਜਲੂਲ ਬੋਲਨਾ।

4. ਸੰਯੁਕਾ ਧਿਕਰਣ : ਜਿਨਾ ਪਦਾਰਥਾ ਨਾਲ ਹਿੰਸਾ ਕਲੇਸ਼, ਯੁਧ ਦੀ ਸੰਭਾਵਨਾ ਹੋਵੇ ਉਹ ਸੰਗ੍ਰਹਿ ਕਰਨਾ।

5. ਉਪਭੋਗ ਪਰਿਭੋਗਾਈਰਿਤੇ : ਅਪਣੇ ਪਰਿਵਾਰ ਅਤੇ ਸ਼ਰੀਰ ਲਈ ਸਚਿਤ ਉਪਭੋਗ ਪਰਿਭੋਗ ਦੀ ਜ਼ਰੂਰੀ ਵਸਤਾ ਜ਼ਿਆਦਾ ਸੰਗ੍ਰਹਿ ਕਰਨਾ।

## ਚਾਰ ਸਿਖਿਆ ਵਰਤ

1. **ਸਾਮਾਇਕ ਵਰਤ** :

ਸਮਾਇਕ ਵਰਤ ਜੈਨ ਧਰਮ ਵਿਚ ਬਹੁਤ ਮਹੱਤਵ ਪੂਰਨ ਹੈ ਸਾਧੂ ਦੀ ਸਮਾਇਕ ਜੀਵਨ ਭਰ ਲਈ ਹੈ ਅਤੇ ਗ੍ਰਹਿਸਥ ਦੀ ਘਟੋ ਘਟ ਇਕ ਮਹੂਰਤ (48 ਮਿੰਟ) ਦੀ ਹੈ।

ਰਾਗ ਦਵੇਸ਼ ਰਹਿਤ ਹੋਕੇ, ਹਰ ਪਦਾਰਥ, ਮਥਿਤੀ ਆਦਿ ਵਿਚ ਸਮਭਾਵ ਦਾ ਅਭਿਆਸ ਕਰਨਾ, ਕੁਝ ਸਮੇਂ ਲਈ ਪਾਪਕਾਰੀ ਸੰਸਾਰਿਕ ਧੰਦਿਆਂ ਦਾ ਤਿਆਗ ਕਰਨਾ ਹੀ ਸਮਾਇਕ ਹੈ। ਗ੍ਰਹਿਸਥ ਸਮਾਇਕ ਵਿਚ ਕੁਝ ਸਮੇਂ ਲਈ ਸਾਧੂ ੋਹੀ ਬਣ ਜਾਂਦਾ ਹੈ। ਅਦੇ ਸਾਧੂ ਵਾਲੀਆਂ ਪ੍ਰਤਿਗਿਆ ਤੇ ਵਰਤਾਂ ਦਾ ਆਚਰਨ ਕਰਦਾ ਹੈ। ਸਮਾਇਕ ਵਿਖਾਵੇ ਦੀ ਵਸਤੂ ਨਹੀਂ, ਸਾਮਾਇਕ ਆਤਮ ਸਾਧਨਾ ਦਾ ਨਾਂ ਹੈ। ਸਮਾਇਕ ਵਿਚ ਨਵਕਾਰ ਮੰਤਰ ਦਾ ਧਿਆਨ ਤੇ ਅਰਾਧਨਾ ਕੀਤੀ ਜਾਂਦੀ ਹੈ। ਕਾਯੋਤਸਰਗ ਤੱਪ ਅਤੇ ਪ੍ਰਤਿਕ੍ਰਮਨ ਵੀ ਸਮਾਇਕ ਦਾ ਭਾਗ ਹਨ। ਦੇਵ, ਗੁਰੂ ਅਤੇ ਧਰਮ ਦੀ ਉਪਾਸਨਾ ਕੀਤੀ ਜਾਂਦੀ ਹੈ। 24 ਤੀਰਥੰਕਰਾਂ ਨੂੰ ਬੰਦਨ ਨਮਸਕਾਰ ਕੀਤਾ ਜਾਂਦਾਂ ਹੈ। ਸਾਧੂ ਵਾਲੇ ਭੇਖ ਤੇ ਉਪਕਰਨ ਧਾਰਨ

ਕੀਤੇ ਜਾਂਦੇ ਹਨ। ਸਮਾਇਕ ਅਤੇ ਪੂਜਾ ਵਿਚ ਬਹੁਤ ਫੱਰਕ ਹੈ। ਪੂਜਾ ਵਿਚ ਭਗਤੀ ਪ੍ਰਧਾਨ ਹੈ। ਸਮਾਇਕ ਆਤਮਸਾਧਨਾ ਆਤਮ ਪਹਿਚਾਨ ਲਈ ਇਕ ਆਂਤਰਿਕ ਕ੍ਰਿਆ ਹੈ।

ਸਮਾਇਕ ਵਰਤ ਸ਼੍ਰਾਵਕ ਦੇ ਜੀਵਨ ਦਾ ਲਾਜਮੀ ਭਾਗ ਹੈ ਇਸ ਵਰਤ ਦੀ 4 ਸ਼ੁਧੀਆਂ ਹਨ।

1. ਦਰਵ ਸ਼ੁਧੀ : ਸਮਾਇਕ ਦੀਆਂ ਧਾਰਮਿਕ ਵਸਤਾਂ ਸ਼ੁਧ ਹੋਣ।

2. ਖੇਤਰ ਸ਼ੁਧੀ : ਸਮਾਇਕ ਕਰਨ ਵਾਲੀ ਜਗ੍ਹਾ, ਏਕਾਂਤ, ਗੰਦਗੀ ਰਹਿਤ ਸ਼ੋਰ ਸ਼ਰਾਬੇ ਤੋਂ ਦੂਰ ਹੋਵੇ।

3. ਕਾਲ ਸ਼ੁਧੀ : ਸਮਾਇਕ ਭਾਵੇਂ ਕਿਸੇ ਸਮੇਂ ਵੀ ਕੀਤੀ ਜਾ ਸਕਦੀ ਹੈ ਪਰ ਸੰਸਾਰਿਕ ਚਿੰਤਾਵਾਂ ਸਮਾਇਕ ਵਿਚ ਵਾਧਕ ਹਨ। ਸੋ ਜਿਸ ਸਮੇਂ ਮਨ ਇਨ੍ਹਾਂ ਚਿੰਤਾਵਾਂ ਤੋਂ ਮੁਕਤ ਹੋਵੇ, ਤਦੇ ਹੀ ਸਮਾਇਕ ਕੀਤੀ ਜਾਵੇ।

4. ਭਾਵ ਸ਼ੁਧੀ : ਸਮਾਇਕ ਬਿਨਾ ਕਿਸੇ ਲਾਲਚ ਭੈ ਤੋਂ ਕੀਤੀ ਜਾਵੇ। ਉਸਦਾ ਉਦੇਸ਼ ਸੰਸਾਰਿਕ ਪਦਾਰਥਾਂ ਦੀ ਪ੍ਰਾਪਤੀ ਨਹੀਂ ਹੋਣਾ ਚਾਹੀਦਾ ਸਗੋਂ ਆਤਮਾ ਸ਼ੁਧੀ ਹੋਣਾ ਚਾਹੀਦਾ ਹੈ।

**ਸਮਾਇਕ ਵਰਤ ਦੇ 5 ਅਤਿਚਾਰ ਹਨ :**

1. ਮਨੋਦੁਸ਼ਯ ਪ੍ਰਤਿਧਾਨ : ਸਮਾਇਕ ਵਿਚ ਮਨ ਰਾਹੀਂ ਬੁਰਾ ਜਾ ਪਾਪਕਾਰੀ ਚਿੰਤਨ ਕਰਨਾ।

2. ਵਾਗਦੁਸ਼ ਪ੍ਰਤਿਧਾਨ : ਵਚਨ ਰਾਹੀਂ ਪਾਪਕਾਰੀ, ਕਠੋਰ, ਹਿੰਸਕ ਭਾਸ਼ਾ ਬੋਲਨਾ।

3. ਕਾਈਆ ਦੁਸ਼ਯ ਪ੍ਰਤਿਧਾਨ : ਸਮਾਇਕ ਵਿਚ ਸ਼ਰੀਰ ਨੂੰ ਸਥਿਰ ਨਾ ਰਖਨਾ ਪਾਪਕਾਰੀ ਕੰਮ ਸ਼ਰੀਰ ਰਾਹੀਂ ਕਰਨਾ।

4. ਸਮਰਿਤੀ ਅਕਰਨ : ਸਮਾਇਕ ਲੈ ਕੇ ਸਮਾ ਭੁਲ ਜਾਣਾ, ਜਾਂ ਸਾਮਇਕ ਸਮਾ ਯਾਦ ਨਾ ਰਖਣਾ।

5. ਅਨਵਸਥਿਤੀਕਰਨ : ਸਮਾਇਕ ਦਾ ਸਮਾ ਹੋਣ ਤੋਂ ਪਹਿਲਾਂ ਸਮਾਇਕ ਪੂਰਾ ਕਰ ਲੈਣਾ, ਜਾ ਨਾਂ ਸਮੇਂ ਤੇ ਸਮਾਇਕ ਕਰਨਾ ਨਾਂ ਹੀ ਸਮੇਂ ਤੇ ਪੂਰਾ ਕਰਨਾ ਸਮਾਇਕ ਵਰਤ ਦੇ 32 ਦੋਸ਼ ਧਿਆਨ ਰੱਖ ਕੇ ਛੱਡਨ ਯੋਗ ਹਨ।

**ਮਨ ਦੇ 10 ਦੋਸ਼ ਹਨ**

1. **ਅਵਿਵੇਕ ਦੋਸ਼** : ਵਿਵੇਕ ਹੀਨ ਹੋਕੇ ਸਮਾਇਕ ਕਰਨਾ।
2. **ਯਸ਼ੋ ਵਾਂਛਾ** : ਸਮਾਇਕ ਵਿਚ ਯਸ਼ ਕੀਰਤੀ ਦੀ ਇੱਛਾ।
3. **ਧਨਵਾਂਛਾ** : ਧਨ ਦੀ ਇੱਛਾ ਕਰਨਾ।
4. **ਗਰਭ ਦੋਸ਼** : ਹੰਕਾਰ ਕਰਨਾ।

5. **ਭੈ ਦੋਸ਼** : ਭੈ ਕਾਰਣ ਸਮਾਇਕ ਕਰਨਾ।

6. **ਨਿਦਾਨ ਦੋਸ਼** : ਸੰਸਾਰਿਕ ਪਦਾਰਥਾਂ ਲਈ ਧਰਮ ਕਰਨ ਦਾ ਨਾ ਨਿਦਾਨ ਹੈ

7. **ਸੰਸ਼ਯ ਦੋਸ਼** : ਸਮਾਇਕ ਦੇ ਫੱਲ ਪ੍ਰਤਿ ਸ਼ਕ ਕਰਨਾ।

8. **ਕਸ਼ਾਏ ਦੋਸ਼** : ਸਮਾਇਕ ਵਿਚ ਚਾਰ ਕਸ਼ਾਏ ਦਾ ਸੇਵਨ ਕਰਨਾ।

9. **ਅਵਿਨੈ ਦੋਸ਼** : ਵਿਨੈ ਰਹਿਤ ਸਮਾਇਕ ਕਰਨਾ।

10. **ਅਬਹੁ ਮਾਨ ਦੋਸ਼** : ਆਦਰ ਰਹਿਤ ਸਮਾਇਕ ਕਰਨਾ।

## ਵਚਨ ਦੇ 10 ਦੋਸ਼

1. **ਕੁਬੋਲ ਦੋਸ਼** : ਗਲਤ ਵਚਨ

2. **ਸਹਸਤਾਕਾਰ ਦੋਸ਼** : ਬਿਨਾ ਵਿਚਾਰ ਬੋਲਨਾ

3. **ਅਸਦਾਰੋਪਨ ਦੋਸ਼** : ਝੂਠੀ ਸਲਾਹ ਦੇਣਾ।

4. **ਨਿਰਪੇਕਸ਼ਵਾਕ ਦੋਸ਼** : ਸ਼ਾਸਤਰਾਂ ਤੋਂ ਉਲਟੇ ਵਚਨ ਬੋਲਣਾ।

5. **ਸੰਖੇਪ ਦੋਸ਼** : ਸਮਾਇਕ ਦੇ ਪਾਠ ਨੂੰ ਤੋੜ ਮਰੋੜ ਕੇ ਪੜਣਾ।

6. **ਕਲਹ ਦੋਸ਼** : ਸਮਾਇਕ ਵਿਚ ਕਲੇਸ਼ ਕਰਨਾ।

7. **ਵਿਕਥਾ ਦੋਸ਼** : ਸਮਾਇਕ ਵਿਚ ਦੇਸ਼ ਕਥਾ ਆਦਿ ਕਿਸੇ ਕਹਾਣੀਆ ਪੜਨਾ।

8. **ਹਾਸ ਦੋਸ਼** : ਸਮਾਇਕ ਵਿਚ ਹਾਸਾ ਮਜ਼ਾਕ ਕਰਨਾ ਆਦਿ।

9. **ਅਸ਼ੁਧ ਪਾਠ** : ਸਮਾਇਕ ਪਾਠ ਨੂੰ ਗਲਤ ਪੜਨਾ।

10. **ਮੁਨਮੁਨ ਦੋਸ਼** : ਸਪੱਸ਼ਟ ਭਾਸ਼ਾ ਨਾਂ ਬੋਲਨਾ।

## ਕਾਈਆ ਦੇ 12 ਦੋਸ਼

1. **ਆਯੋਗ ਆਸ਼ਨ ਦੋਸ਼** : ਪੈਰ ਤੇ ਪੈਰ ਚੜਾ ਕੇ ਬੈਠਨਾ।

2. **ਚਲਆਸਨ ਦੋਸ਼** : ਇਧਰ ਉਧਰ ਵੇਖਨਾ, ਅਸਥਿਰਤਾ ਰਖਨਾ।

3. **ਚਲਦਰਿਸ਼ਟੀ ਦੋਸ਼** : ਚੰਚਲਤਾ ਨਾਲ ਇਧਰ ਉਧਰ ਵੇਖਣਾ।

4. **ਸਾਵਦਯ ਦੋਸ਼** : ਪਾਪਕਾਰੀ ਕੰਮ ਕਰਨਾ।

5. **ਆਲੰਬਨ ਦੋਸ਼** : ਦੀਵਾਰ ਆਦਿ ਦੇ ਸਹਾਰੇ ਨਾਲ ਸਮਾਇਕ ਕਰਨਾ।

6. **ਅਕਿੰਚਨ ਪ੍ਰਸਾਰਨ ਦੋਸ਼** : ਸਮਾਇਕ ਵਿਚ ਬਿਨਾ ਕਾਰਣ ਪੈਰ ਪਸਾਰਨਾ।

7. **ਆਲਸ ਦੋਸ਼** : ਸਮਾਇਕ ਵਿਚ ਆਲਸ ਕਰਨਾ।

8. **ਮੋਟਨ ਦੋਸ਼** : ਸਮਾਇਕ ਵਿਚ ਅੰਗੁਲੀ ਮੜਕਾਉਣਾ।

9. **ਮਲ ਦੋਸ਼** : ਸਮਾਇਕ ਸਮੇਂ ਸ਼ਰੀਰ ਦਾ ਮੈਲ ਆਦਿ ਉਤਾਰਨਾ।

10. **ਵਿਸਮਾਆਸਨ ਦੋਸ਼** : ਗਲੇ ਦੇ ਹੇਠਾਂ ਹਥ ਰੱਖ ਕੇ ਬੈਠਣਾ।

11. **ਨਿਦਰਾਂ ਦੋਸ਼** : ਸਮਾਇਕ ਸਮੇਂ ਸਉਣਾ।

12. **ਵਸਤਰ ਸੰਕੋਚ ਦੋਸ਼** : ਸਮਾਇਕ ਦੇ ਕਪੜੇ ਨਾਲ ਸਾਰੇ ਸ਼ਰੀਰ ਨੂੰ ਹੀ

ਢਕ ਲੈਣਾ। ਸਮਾਇਕ ਇਨ੍ਹਾਂ 32 ਦੋਸ਼ਾਂ ਨੂੰ ਟਾਲਕੇ ਸਮਾਇਕ ਪੂਰੀ ਕਰਨੀ ਚਾਹੀਦੀ ਹੈ।

## ਦੇਸ਼ ਅਵਕਾਸ਼ਿਕ ਵਰਤ

ਇਹ ਵਰਤ ਛੇਵੇਂ ਵਰਤ ਦਾ ਹੀ ਭਾਗ ਹੈ। ਛੇਵੇਂ ਵਰਤ ਵਿਚ ਦਿਸ਼ਾਵਾਂ ਵਿਚ ਘੁਮਨ ਫਿਰਨ ਦੀ ਮਰਿਆਦਾ ਹੈ। ਪਰ ਇਸ ਪਦਾਰਥ ਵਿਚ ਉਨ੍ਹਾਂ ਦਿਸਾਵਾਂ ਵਿਚੋਂ ਵਸਤਾਂ ਮਗਾਉਣ ਦੀ ਹੱਦ ਨਿਸ਼ਚਿਤ ਕੀਤੀ ਗਈ ਹੈ।

**ਅਤਿਚਾਰ :**

**ਆਨਯਨ ਪ੍ਰਯੋਗ :** ਜ਼ਰੂਰਤ ਪੈਣ ਤੇ ਨਿਸ਼ਚਿਤ ਮਰਿਆਦਾ ਦੀ ਬਾਹਰ ਤੇ ਕੋਈ ਪਦਾਰਥ ਮੰਗਾਉਣਾ।

2. **ਪ੍ਰੇਸ਼ਯਪ੍ਰਯੋਗ :** ਮਰਿਆਤ ਖੇਤਰ ਤੋਂ ਬਾਹਰ ਵਸਤੂ ਭੋਜਨ ਮੰਗਵਾਉਣਾ।

3. **ਸ਼ਬਦਾਕੁਪਾਨ :** ਮਰਿਆਦਤ ਖੇਤਰ ਤੋਂ ਬਾਹਰ ਸ਼ਬਦ ਜਾਂ ਅਵਾਜ਼ ਨਾਲ ਵਸਤੂ ਦਾ ਆਦਾਨ ਪ੍ਰਦਾਨ ਕਰਨਾ।

4. **ਰੁਤਾਨੁਪਾਤ :** ਮਰਿਆਦਤ ਖੇਤਰ ਤੋਂ ਵਸਤੂ ਮੰਗਾਉਣ ਲਈ ਵਸਤੂ ਵਿਖਾਕੇ ਵਸਤੂ ਮੰਗਾਉਣ ਦਾ ਇਸ਼ਾਰਾ ਕਰਨਾ।

5. **ਪੁਦਗਲਪੂਰਕਸ਼ੇਪ :** ਸੀਮਾ ਵਿਚ ਇੱਟ ਪੱਥਰ ਸੁਟ ਕੇ ਇਸ਼ਾਰੇ ਨਾਲ ਵਸਤੂ ਮੰਗਾਉਣਾ।

## ਪੂਰਨ ਪੌਸ਼ਧ ਵਰਤ

ਇਹ ਤੀਸਰਾ ਸਿਖਿਆ ਵਰਤ ਹੈ। ਸ੍ਰਾਵਕ ਨੂੰ ਦੂਜ, ਪੰਜਵੀਂ, ਅਠਮੀਂ, ਏਕਾਦਸ਼ੀ, ਚੌਦਸ, ਅਤੇ ਪੁਰਨਮਾਸੀ ਨੂੰ ਸੰਸਾਰਿਕ ਕੰਮ ਦਾ ਪੂਰਨ ਤਿਆਗ ਕਰਕੇ ਧਰਮ ਸਥਾਨ [ਉਪਾਸ਼ਰੇ] ਵਿਚ ਆਉਣ ਜ਼ਰੂਰੀ ਹੈ। ਪੋਸ਼ਧ ਵਿਚ ਸ਼ਿੰਗਾਰ, ਭੋਜਨ, ਸੰਸਾਰਿਕ ਕੰਮਕਾਜ ਅਤੇ ਅਬ੍ਰਹਮਚਰਜ ਦਾ ਤਿਆਗ ਹੈ। ਉਪਾਸਕ ਚਾਰ ਪ੍ਰਕਾਰ ਦੇ ਭੋਜਨਾਂ ਵਿਚੋਂ ਇਕ ਪ੍ਰਕਾਰ ਦਾ ਭੋਜਨ ਰੱਖ ਸਕਦਾ ਹੈ।

ਪੋਸ਼ਧ ਸੂਰਜ ਚੜ੍ਹਨ ਤੋਂ ਪਹਿਲਾ ਗ੍ਰਹਿਣ ਕਰਨੀ ਜਰੂਰੀ ਹੈ।

ਪੌਸ਼ਧ ਵਰਤ ਵਿਚ 18 ਦੋਸ਼ ਤਿਆਗ ਯੋਗ ਹਨ :

1. ਪੌਸ਼ਧ ਰਹਿਤ ਪ੍ਰਾਣੀ ਦਾ ਲਿਆਂਦਾ ਪਾਣੀ ਪੀਨਾ।
2, ਰਸ ਵਾਲਾ ਭੋਜਨ ਕਰਨਾ।
3. ਪੌਸ਼ਧ ਖਤਮ ਹੋਣ ਤੇ ਰਸਦਾਰ ਭੋਜਨ ਕਰਨਾ।
4. ਪੌਸ਼ਧ ਲਈ ਜਾਂ ਪੌਸ਼ਧ ਤੋਂ ਵਾਅਦ ਲਈ ਸ਼ਰੀਰ ਦਾ ਸ਼ਿੰਗਾਰ ਕਰਨਾ।
5. ਪੌਸ਼ਧ ਲਈ ਕੱਪੜੇ ਧੁਲਾਨਾ।
6. ਪੌਸ਼ਧ ਲਈ ਕੱਪੜੇ ਰੰਗਾਉਨਾ।
7, ਪੌਸ਼ਧ ਲਈ ਗਹਿਣੇ ਬਨਾਉਣਾ।

8. ਪੋਸ਼ਧ ਵਿਚ ਸਰੀਰ ਤੋਂ ਮੈਲ ਉਤਾਰਨਾ।

9. ਪੋਸ਼ਧ ਸਮੇਂ ਦਿਨ ਵਿਚ ਸੋਣਾ।

10. ਪੋਸ਼ਧ ਵਿਚ ਦੇਸ਼ ਕਥਾ ਕਰਨਾ।

11. ਪੋਸ਼ਧ ਵਿਚ ਇਸਤਰੀ ਕਥਾ ਕਰਨਾ।

12. ਪੋਸ਼ਧ ਵਿਚ ਰਾਜ ਕਥਾ ਕਰਨਾ ਜਾਂ ਯੁਧ ਕਥਾ ਕਰਨਾ।

13. ਪੋਸ਼ਧ ਵਿਚ ਭੋਜਨ ਕਥਾ ਕਰਨਾ।

14, ਪੋਸ਼ਧ ਸਮੇਂ ਵਿਚ ਪੋਸ਼ਧ ਜਾਂ ਮਲ ਤਿਆਗ ਲਈ ਭੂਮੀ ਨੂੰ ਪਹਿਲਾਂ ਸਾਫ ਨਾ ਕਰਨਾ।

15. ਪੋਸ਼ਧ ਸਮੇਂ ਨਿੰਦਾ ਕਰਨਾ।

16. ਪੋਸ਼ਧ ਸਮੇਂ ਸਾਰਾ ਧਿਆਨ ਸੰਸਾਰਿਕ ਗੱਲਬਾਤ ਕਰਨਾ।

17. ਪੋਸ਼ਧ ਸਮੇਂ ਚੋਰ ਕਥਾ ਕਰਨਾ।

18. ਪੋਸ਼ਧ ਸਮੇਂ ਇਸਤਰੀ ਦੇ ਅੰਗਾਂ ਨੂੰ ਵੇਖਣਾ।

ਪੰਜ ਅਤਿਚਾਰ ਜੋ ਜਾਨਣ ਯੋਗ ਹਨ ਤੇ ਗ੍ਰਹਿਣ ਕਰਨ ਯੋਗ ਨਹੀਂ :

1. ਸ਼ੈਯਾ : ਸੋਣ ਯੋਗ ਸਥਾਨ ਨੂੰ ਚੰਗੀ ਤਰ੍ਹਾਂ ਵੇਖੇ।
2. ਸੰਥਾਰਾ : ਆਸਨ ਨੂੰ ਠੀਕ ਤਰ੍ਹਾਂ ਪ੍ਰਮਾਜਨ (ਸਾਫ) ਕਰੇ।
3. ਲਘੁਨੀਤੀ : ਮੂਤਰ ਵਾਲੀ ਜਗ੍ਹਾ ਨੂੰ ਠੀਕ ਤਰ੍ਹਾਂ ਸਾਫ ਕਰੇ।
4. ਲਘੁ ਦੀਰਘ ਨੀਤੀ : ਮੱਲ ਮੂਤਰ ਤਿਆਗਨ ਵਾਲੀ ਜਗ੍ਹਾ ਠੀਕ ਤਰ੍ਹਾਂ ਸਾਫ ਕਰੇ।
5. ਪੋਸ਼ਧ ਨੂੰ ਵਿਧਿ ਅਨੁਸਾਰ 18 ਦੋਸ਼ ਟਾਲ ਕਰੇ।

ਪੋਸ਼ਧ ਵਾਲੇ ਦਿਨ ਉਪਾਸਕ ਸਾਰਾ ਸਮਾਂ ਸਵਾਧਿਐ, ਧਿਆਨ ਅਤੇ ਆਤਮ ਚਿੰਤਨ ਵਿਚ ਲਗਾਉਂਦਾ ਹੈ।ਪੋਸ਼ਧ ਵਰਤ ਮਹੀਨੇ ਵਿਚ ਦੋ ਵਾਰ ਤਾਂ ਜ਼ਰੂਰ ਕਰਨਾ ਉਪਾਸਕ ਲਈ ਜ਼ਰੂਰੀ ਹੈ। ਇਸ ਵਰਤ ਵਿਚ ਉਪਾਸਕ ਇਕ ਦਿਨ ਲਈ ਸਾਧੂ ਹੀ ਬਣ ਜਾਂਦਾ ਹੈ।

## 4. ਅਤਿਥਿ ਸੰਵਿਭਾਗ ਵਰਤ

ਅਤਿਥਿ ਦਾ ਅਰਥ ਮਹਿਮਾਨ ਵੀ ਹੈ ਅਤਿਥੀ ਉਹ ਸਾਧੂ ਸਾਧਵੀ ਵੀ ਹਨ ਜੋ ਸੰਸਾਰ ਤਿਆਗ ਕੇ ਸਾਨੂੰ ਆਤਮ ਕਲਿਆਨ ਦਾ ਰਾਹ ਵਿਖਾਉਂਦੇ ਹਨ। ਅਜਿਹੇ ਮਹਾਤਮਾ ਦੀ ਹਰ ਪ੍ਰਕਾਰ ਨਾਲ ਸੇਵਾ ਕਰਨਾ, ਸ਼ਾਸਤਰ ਵਿਧਿ ਅਨੁਸਾਰ ਭੋਜਨ, ਪਾਣੀ, ਦਵਾ ਵਸਤਰ ਦੇਣਾ ਉਪਾਸਕ ਦਾ ਕਰਤੱਵ ਹੈ। ਆਪਣੇ ਸਹਿਧਰਮੀ ਭਾਈ ਵੀ ਇਕ ਤਰ੍ਹਾਂ ਦੇ ਮਹਿਮਾਨ ਹਨ। ਇਨ੍ਹਾਂ ਦੀ ਸੇਵਾ ਭਗਤੀ ਸੁਪਾਤਰ ਦਾਨ ਹੈ।

### ਅਤਿਚਾਰ

**ਸਚਿਤ ਨਿਕਸ਼ੇਪਨ** : ਸਾਧੂ ਨੂੰ ਨਾਂ ਦੇਣ ਦੀ ਬੁਧੀ ਨਾਲ ਨਿਰਦੋਸ਼ ਪਦਾਰਥ ਨੂੰ ਦੋਸ਼ ਪੂਰਨ ਪਦਾਰਥ ਵਿਚ ਰਖ ਦੇਣਾ।

**ਸਚਿਤਪਿਧਾਨ** : ਨਾਂ ਦੇਣ ਦੀ ਨੀਅਤ ਨਾਲ ਦੇਣ ਯੋਗ ਵਸਤੂ ਨੂੰ ਢੱਕ ਦੇਣਾ ।

**ਕਾਲਾਤਿਕ੍ਰਮ** : ਭੋਜਨ ਦਾ ਸਮਾਂ ਟਾਲ ਕੇ ਵਿਖਾਵੇ ਲਈ ਭੋਜਨ ਪਾਣੀ ਦੀ ਪ੍ਰਾਥਨਾ ਕਰਨਾ ।

**ਪਰਧਿਆਣੇ ਪਦੇਸ** : ਨਾ ਦੇਣ ਦੀ ਨੀਤ ਨਾਲ ਅਪਣੀ ਚੀਜ ਨੂੰ ਹੋਰ ਕਿਸੇ ਦੀ ਆਖਣਾ ।

**ਮਤਸਰਤਾ** : ਹੰਕਾਰ ਪੂਰਵਕ ਜਾਂ ਕਿਸੇ ਦੀ ਨਕਲ ਨਾਲ ਨਾਂ ਕਰਨ ਲਈ ਦਾਨ ਦੇਣਾ । ਰਾਤਰੀ ਭੋਜਨ ਦਾ ਤਿਆਗ ਇਨ੍ਹਾਂ ਵਰਤਾਂ ਦਾ ਭਾਗ ਹੈ ।

## ਤਿੰਨ ਮਨੋਰਥ

ਅਸੀਂ ਧਰਮ ਦੇ ਦੋ ਹਿਸਿਆਂ ਦਾ ਸੰਖੇਪ ਵਰਨਣ ਕਰ ਦਿਤਾ ਹੈ । ਪਰ ਉਪਾਸਕ ਜੀਵਨ ਵਿਚ ਉਪਾਸਕ ਹਰ ਸਮੇਂ ਤਿੰਨ ਗੱਲਾਂ ਸੋਚਦਾ ਹੈ ਜੋ ਉਸਦਾ ਦੇ ਮੁਕਤੀ ਮਾਰਗ ਵਿਚ ਸਹਾਇਕ ਹਨ । ਇਹ ਗੱਲਾਂ 3 ਮਨੋਰਥ ਹਨ ।

1. ਕਦੋਂ ਮੈਂ ਧਾਰਮਿਕ ਕੰਮ ਲਈ ਥੋੜਾ ਜਾ ਬਹੁਤ ਦਾਨ ਕਰਕੇ ਧਨ ਦਾ ਸਦਉਪਯੋਗ ਕਰਾਗਾਂ ।

2. ਕਦੋਂ ਮੈਂ ਸੰਸਾਰ ਦੇ ਝੰਜਟਾ ਤੋਂ ਮੁਕਤ ਹੋ ਕੇ ਸਾਧੂ ਜੀਵਨ ਗ੍ਰਹਿਣ ਕਰਾਂਗਾ । ਕਿਉਂਕਿ ਸੰਸਾਰ ਵਿਚ ਰਹਿ ਕੇ ਧਰਮ ਦਾ ਠੀਕ ਪਾਲਨ ਨਹੀਂ ਹੋ ਸਕਦਾ । ਸੰਸਾਰ ਬੰਧਨ ਦਾ ਕਾਰਣ ਹੈ ।

3. ਕਦੋਂ ਮੈਂ ਸ਼ੁਧ ਅੰਤਕਰਨ ਨਾਲ ਸਾਰੇ ਜੀਵਾਂ ਤੋਂ ਖਿਮਾ ਯਾਚਨਾ ਕਰਕੇ, ਭੋਜਨ ਪਾਣੀ ਦਾ ਤਿਆਗ ਕਰਕੇ ਸਮਾਧੀ ਪੂਰਵ ਪਾਦ ਪੋਗਮਨ (ਸੰਥਾਰਾ) ਵਰਤ ਧਾਰਨ ਕਰਾਂਗਾ ।

ਇਸ ਤਰ੍ਹਾਂ ਮਨ, ਵਚਨ ਤੇ ਸ਼ਰੀਰ ਨਾਲ ਉਪਾਸਕ ਤਿਨ ਮਨੋਰਥਾਂ ਨੂੰ ਚਿੰਤਨ ਕਰਦਾ ਹੋਈਆ ਸੰਸਾਰ ਸਾਗਰ ਦਾ ਅੰਤ ਕਰ ਦਿੰਦਾ ਹੈ । ਇਸ ਵਿਚ ਉਪਾਸਕ ਦੇ 14 ਖਾਣ ਪੀਣ ਵਰਤਣ ਯੋਗ ਪਦਾਰਥਾਂ ਦੀ ਰੋਜ਼ਾਨਾ ਹੱਦ ਨਿਸ਼ਚਿਤ ਵੀ ਸ਼ਾਮਲ ਹੈ ।

## ਸੰਥਾਰਾ

ਪਹਿਲਾ ਸ੍ਰਾਵਕ ਦੇ ਮਨੋਰਥ ਵਿਚ ਸੰਥਾਰੇ ਦੇ ਭਾਵ ਪ੍ਰਗਟ ਕੀਤੇ ਗਏ ਹਨ । ਸੰਥਾਰਾ ਕੋਈ ਸੁਭਾਗ ਸ਼ਾਲੀ ਕਰਦਾ ਹੈ । ਸੰਥਾਰਾ ਆਤਮ ਹਤਿਆ ਨਹੀਂ, ਕਿਉਂਕਿ ਆਤਮ ਹੱਤਿਆ ਜੈਨ ਧਰਮ ਵਿਚ ਪਾਪ ਹੈ । ਆਤਮ ਹੱਤਿਆ ਦਾ ਉਦੇਸ਼ ਸੰਸਾਰਿਕ ਤੇ ਭੌਤਿਕ ਪਦਾਰਥਾਂ ਦੀ ਪ੍ਰਾਪਤੀ ਹੈ ਜਦ ਕਿ ਸੰਥਾਰੇ ਦਾ ਉਦੇਸ਼ ਸਮਾਧੀ ਜਾਂ ਸੁਖ ਪੂਰਵਕ ਮਰਨਾ ਹੈ ਗਿਆਨ-ਧਿਆਨ ਵਿਚ ਰਹਿਕੇ, ਆਤਮਾ ਸਾਧਨਾਂ ਵਿਚ ਲੀਣ ਰਹਿਣਾ ਹੈ । ਸੰਥਾਰਾ ਉਦੋਂ ਕੀਤਾ ਜਾਂਦਾ ਹੈ ਜਦ ਸ਼ਰੀਰ ਧਰਮ ਕਰਨ ਦੇ ਯੋਗ ਨਾ ਰਹੇ । ਪਰ ਅਧੀਨ ਹੋ ਜਾਵੇ । ਮਰਨਯੋਗ ਰੋਗ ਆ ਜਾਵੇ । ਸੰਥਾਰੇ ਸ਼ੁਧ ਆਤਮਾ ਸਾਧਨਾ ਹੈ । ਮਰਨਾ ਨਿਸ਼ਚਿਤ ਹੈ ਪਰ

ਬਹਾਦਰ ਤੇ ਕਾਈਰ ਦੀ ਮੌਤ ਵਿਚ ਫਰਕ ਸਪੱਸਟ ਹੈ। ਇਸੇ ਤਰ੍ਹਾਂ ਕਾਇਰਤਾ ਪੂਰਵ ਅਗਿਆਨਤਾ ਨਾਲ ਮਰਨਾ ਆਤਮ ਹੱਤਿਆ ਹੈ ਅਤੇ ਬਾਲ (ਅਕਾਮ ਮਰਨ) ਹੈ। ਪਰ ਧਰਮ ਦਾ ਪਾਲਨ ਕਰਦੇ ਦੇਹ ਦਾ ਤਿਆਗ ਸਮਾਧੀ (ਸਕਾਮ) ਮਰਨ ਹੈ। ਸ੍ਰਾਵਕ ਯੋਗਤਾ ਅਨੁਸਾਰ ਸੰਥਾਰੇ ਵਿਚ ਤਿਆਗ ਕਰਦਾ ਹੈ। ਸੰਥਾਰੇ ਵਿਚ ਨਾਂ ਸਾਧਕ ਜੀਉਣ ਦੀ ਇੱਛਾ ਕਰਦਾ ਹੈ ਨਾਂ ਮਰਨ ਦੀ। ਸਾਧਕ ਸਿਰਫ ਆਤਮ ਦੇ ਸ਼ੁਧ ਸਵਰੂਪ ਦਾ ਚਿੰਤਨ ਕਰਦਾ ਹੈ ਸ਼ੁਧ ਆਤਮ ਸਮਾਧੀ ਅਵਸਥਾ, ਜੋ ਮੌਤ ਤਕ ਚਲੇਗਾ। ਉਹ ਸੰਥਾਰਾ ਹੈ। ਸੰਥਾਰੇ ਤੋਂ ਪਹਿਲਾ 84 ਲੱਖ ਜੀਵਾ ਤੋਂ ਖਿਮਾ ਮੰਗੀ ਜਾਂਦੀ ਹੈ। ਫੇਰ ਯੋਗਤਾ ਅਨੁਸਾਰ ਇਹ ਵਰਤ ਗ੍ਰਹਿਣ ਕੀਤਾ ਜਾਂਦਾ ਹੈ।

ਸੰਥਾਰੇ ਨੂੰ ਅਪਸ਼ਚਿਮ ਮਾਰਣਾਤਿਕ ਸੰਲੇਖਨਾ ਜੋਸ਼ਨਾ-ਅਰਾਧਨਾ ਵੀ ਆਖਦੇ ਹਨ। ਇਸਦੇ ਪੰਜ ਅਤਿਚਾਰ ਹਨ।

1. **ਇਹ ਲੋਕਾਂ ਅੰਸ਼ ਪ੍ਰਯੋਗ** : ਸੰਥਾਰਾ ਕਰਕੇ ਇਹ ਇੱਛਾ ਕਰਨਾ ਕਿ ਮੈਂ ਇਸੇ ਸੰਸਾਰ ਵਿਚ ਰਾਜਾ ਜਾਂ ਅਮੀਰ ਬਣਾ।

2. **ਪਰ ਲੋਕਾਸ਼ਸ ਪ੍ਰਯੋਗ :** ਮਰ ਕੇ ਮੈਂ ਦੇਵਤਾ ਜਾਂ ਇੰਦਰ ਬਣਾ।

3. **ਜੀਵਤਾ ਅੰਸ ਪ੍ਰਯੋਗ :** ਜੇ ਮੈਂ ਵਰਤ ਦੁਹਰਾਨਾ ਜਿਆਦਾ ਸਮੇਂ ਜੀਊਂਦਾ ਰਹਾਂ ਤਾਂ ਚੰਗਾ ਹੈ।

4. **ਮਰਨਾ ਅੰਸ ਪਰਯੋਗ** : ਇਸ ਕਸ਼ਟ ਭੋਗਨ ਨਾਲ ਚੰਗਾ ਹੈ ਮੈਂ ਛੇਤੀ ਮਰ ਜਾਵਾਂ।

5. **ਕਾਮ ਭੋਗ ਅੰਸ ਪ੍ਰਯੋਗ** : ਮਰਕੇ ਮੈਨੂੰ ਮਨੁਖ ਜਾਂ ਦੇਵਤਿਆ ਵਾਲੇ ਕਾਮ-ਭੋਗ ਮਿਲੇ। ਸੰਥਾਰਾ ਤਿੰਨ ਪ੍ਰਕਾਰ ਦਾ ਹੈ। ਭੋਜਨ ਅਤੇ ਕਸ਼ਾਏ ਤਿਆਗ ਕਰਕੇ ਕੀਤਾ ਸੰਥਾਰਾ ਭਗਤ ਪ੍ਰਤਿਖਿਆਨ ਹੈ ਘੁਮਨ ਫਿਰਨ ਦੀ ਹੱਦ ਨਿਸਚਿਤ ਕਰਕੇ ਸਮਾਧੀ ਮਰਨ ਗ੍ਰਹਿਣ ਕਰਨਾ ਇੰਗਤ ਮਰਨ ਹੈ। ਟੱਟੀ ਪਿਸ਼ਾਬ ਦੀ ਖੁਲ ਰੱਖਕੇ ਹਰ ਕਿਸਮ ਦੀ ਸ਼ਰੀਰਕ ਕ੍ਰਿਆ ਦਾ ਤਿਆਗ ਸਮਾਧੀ ਮਰਨ ਹੈ।

ਸੰਲੇਖਨਾ ਦਾ ਅਰਥ ਹੈ ਸਾਰੇ ਸੰਸਾਰਿਕ ਕੰਮਾਂ ਦਾ ਤਿਆਗ ਅਪਸ਼ਚਿਮਾ ਤੋਂ ਭਾਵ ਹੈ ਆਖਰੀ ਭਾਵ ਇਸਤੋਂ ਬਾਅਦ ਕੋਈ ਕਰਤੱਵ ਨਹੀਂ ਰਹਿੰਦਾ।

ਮਾਰਨਾਂਤਿਕ ਤੋਂ ਭਾਵ ਹੈ ਮਰਨ ਤਕ ਚਲਨ ਵਾਲੀ ਸਮਾਧੀ। ਜੋਸ਼ਨਾ ਤੋਂ ਭਾਵ ਹੈ ਸੇਵਨ ਕਰਨਾ। ਅਰਾਧਨਾ ਤੋਂ ਭਾਵ ਹੈ ਜੀਵਨ ਵਿਚ ਉਤਾਰਨਾ।

**ਸਾਗਾਰੀ ਅਨਸ਼ਨ** :

ਕਈ ਲੋਕ ਰਾਤਰੀ ਨੂੰ ਸੰਥਾਰਾ ਕਰਦੇ ਹਨ, ਇਹ ਪੂਰਨ ਸਥਾਰਾ ਨਹੀਂ ਅਖਵਾਉਂਦਾ ਇਸ ਨੂੰ ਸਾਗਾਰੀ ਸੰਥਾਰਾ ਆਖਦੇ ਹਨ : ਰਾਤ ਨੂੰ ਘਾਹ ਫੂਸ ਦਾ ਆਸਨ ਬਿਛਾ, ਹੱਥ ਦਾ ਸਿਰਾਹਣਾ ਲੈਣਾ। ਸੌਣ ਵਾਲੀ ਧਰਤੀ ਸਾਫ ਕਰਨਾ। ਕਰਵੱਟ ਲੈਂਦੇ ਵੀ ਸਰੀਰ ਦਾ

ਪ੍ਰਮਾਜਨ ਕਰਨਾ। ਜਾਗਦੇ ਸਮੇਂ ਇਹ ਧਿਆਨ ਕਰਨਾ, ਮੈਂ ਕੌਣ ਹਾਂ ? ਵਰਤ ਵਿਚ ਹਾਂ ਜਾਂ ਵਰਤ ਤੋਂ ਬਾਹਰ ਹਾਂ ਸੌਂ ਰਿਹਾ ਹਾਂ ਜਾਂ ਜਾਗ ਰਿਹਾ ਹਾਂ ? ਕਿੰਨਾਂ ਸਮਾਂ ਹੋ ਗਿਆ ਹੈ ? ਉਠਣ ਦਾ ਕੀ ਉਦੇਸ਼ ਹੈ ? ਸੌਣ ਤੋਂ ਬਾਅਦ ਕਰਵਟ ਨਾ ਬਦਲਣਾ।

84 ਲੱਖ ਜੀਵਾਂ ਤੋਂ ਖਿਮਾਂ ਯਾਚਨਾ ਕਰਕੇ ਨਵਕਾਰ ਮੰਤਰ ਦਾ ਧਿਆਨ ਕਰਨਾ ਚਾਹੀਦਾ ਹੈ। "ਜੇ ਰਾਤ ਨੂੰ ਹੀ ਮੇਰਾ ਮਰਨ ਹੋ ਜਾਵੇ ਤਾਂ ਇਸ ਰਾਤ ਨੂੰ ਮੈਂ ਸਾਰੇ ਭੋਜਨ ਕੇ ਪਾਣੀ, ਉਪਕਰਨ, ਦੇਹ ਨੂੰ ਮਨ ਵਚਨ, ਕਾਈਆਂ ਤੋਂ ਗੁਰੂ ਜਾਂ ਪ੍ਰਭੂ ਨੂੰ ਹਾਜਰ ਨਾਜਰ ਜਾਣ ਛੱਡਦਾ ਹਾਂ। ਫੇਰ ਅਰਿਹੰਤ, ਸਿੱਧ, ਸਾਧੂ ਅਤੇ ਕੇਵਲੀ ਦੇ ਧਰਮ ਦਾ ਸ਼ਰਨਾ ਗ੍ਰਹਿਣ ਕਰੇ। ਸਮਿਅਕੱਤਵ ਦੀ ਧਾਰਨਾ ਨੂੰ ਦਰਿੜ ਕਰਦਾ ਹੋਇਆ ਮਾਰੇ ਜੀਵਾਂ ਤੋਂ ਖਿਮਾਂ ਮੰਗ ਕੇ ਨਵ-ਕਾਰ ਮੰਤਰ ਪੜ ਕੇ ਸੌ ਜਾਵੇ।

## ਸ਼੍ਰਾਵਕ ਦੀਆਂ 12 ਪ੍ਰਤਿਮਾਵਾਂ (ਸਾਧਨਾ ਕ੍ਰਮ)

1) **ਦਰਸ਼ਨ ਪ੍ਰਤਿਮਾ** : ਦੇਵ, ਗੁਰੂ ਅਤੇ ਧਰਮ ਪ੍ਰਤੀ ਸਮਿਅਕ ਵਿਸ਼ਵਾਸ਼ ਰਖਣਾ, ਗੁਰੂ ਦੇ ਦਸੇ ਰਾਹ ਤੇ ਚਲਣਾ ਗਲਤ ਵਿਚਾਰ ਧਾਰਾਵਾਂ ਤੋਂ ਦੂਰ ਰਹਿਣਾ। ਇਸ ਪ੍ਰਤਿਮਾ ਦਾ ਸਮਾਂ ਇਕ ਮਹੀਨਾ ਹੈ।

2) **ਵਰਤ ਪ੍ਰਤਿਮਾ** : ਦੂਸਰੀ ਪ੍ਰਤਿਮਾ ਦਾ ਉਦੇਸ਼ ਜਨਮ ਮਰਨ ਦਾ ਕਾਰਣ ਕਰਮ ਬੰਧ ਦੀ ਪ੍ਰੰਪਰਾ ਖਤਮ ਕਰਨਾ ਹੈ। 12 ਵਰਤਾ ਦਾ ਪਾਲਨ ਕਰਨਾ ਹੈ ਇਸ ਦਾ ਸਮਾਂ ਦੋ ਮਹੀਨੇ ਹੈ।

3) **ਸਮਾਇਕ ਪ੍ਰਤਿਮਾ** : ਇਸ ਵਿਚ ਦਿਨ ਵਿਚ ਤਿੰਨ ਵਾਰ ਸਮਾਇਕ ਕਰਨਾ, ਸ਼ੀਲ ਵਰਤ ਪਾਲਨਾ, ਤਿਆਗ ਪਛਖਾਨ ਕਰਨਾ ਅਤੇ ਪੋਸ਼ਧ ਵਰਤ ਪਾਲਣਾ, ਇਸ ਵਿਚ ਸ਼ਾਮਲ ਹੈ ਇਸ ਦਾ ਸਮਾਂ 3 ਮਹੀਨੇ ਹੈ।

4) **ਪੋਸ਼ਧ ਪ੍ਰਤਿਮਾ** : ਪਹਿਲਾ ਦਸੀਆਂ ਤਾਰੀਖਾ ਨੂੰ ਪੋਸ਼ਧ ਕਰਨਾ ਇਸ ਵਿਚ ਸ਼ਾਮਲ ਹੈ। ਇਸ ਦਾ ਸਮਾਂ 4 ਮਹੀਨੇ ਹੈ।

5) **ਕਾਯੋਤਸਰਗ** : ਸਰੀਰ ਦੀ ਮਮਤਾ ਦਾ ਤਿਆਗ ਕਰਨਾ ਮਨ ਤੇ ਆਤਮਾ ਨੂੰ ਸਰੀਰ ਦੇ ਵਿਸ਼ਿਆਂ ਤੋਂ ਹਟਾ ਕੇ ਤੀਰਥੰਕਰਾਂ ਜਾਂ ਆਤਮਾ ਦਾ ਧਿਆਨ ਕਰਨਾ ਹੀ ਕਾਯੋਤਸਰਗ ਹੈ ਇਸ ਦਾ ਸਮਾਂ ਘਟੋ ਘਟ ਇਕ ਦਿਨ, ਦੋ ਦਿਨ, ਤਿੰਨ ਦਿਨ ਜਾਂ 5 ਮਹੀਨੇ ਹੈ। ਦਿਗੰਵਰ ਪ੍ਰੰਪਰਾ ਵਿਚ ਇਥੇ ਸਚਿੱਤ ਤਿਆਗ ਦਾ ਵਰਨਣ ਹੈ।

6) **ਬ੍ਰਹਮ ਚਰਜ** : ਪੂਰਨ ਬ੍ਰਹਮ ਚਰਜ ਦਾ ਪਾਲਨ ਕਰਨਾ, ਰਾਤਰੀ ਭੋਜਨ ਦਾ ਤਿਆਗ ਇਸ ਵਿਚ ਸ਼ਾਮਲ ਹੈ। ਦਿਗੰਵਰ ਪ੍ਰੰਪਰਾ ਵਿਚ ਇਸ ਪ੍ਰਤਿਮਾ ਦਾ ਨਾਂ ਰਾਤਰੀ ਭੋਜਨ ਤਿਆਗ ਪ੍ਰਤਿਮਾ ਹੈ।

7) **ਸਚਿੱਤ ਅਹਾਰ ਭੋਜਨ** : ਜੋ ਭੋਜਨ ਪੂਰੀ ਤਰ੍ਹਾਂ ਪਕਿਆ ਨਹੀਂ, ਜੀਵ ਰਹਿਤ ਨਹੀਂ ਉਹ ਸਚਿਤ ਹੈ। ਇਸ ਸਚਿਤ ਭੋਜਨ ਦਾ ਤਿਆਗ ਕਰਨਾ ਹੀ ਇਹ ਪ੍ਰਤਿਮਾ

ਹੈ ਇਸ ਦਾ ਸਮਾਂ 6 ਮਹੀਨੇ ਹੈ ।

8) **ਸਵੇ ਆਰੰਭ ਵਰਜਨ ਪ੍ਰਤਿਮਾ** : ਹਰ ਤਰ੍ਹਾਂ ਦੀ ਛੋਟੀ ਮੋਟੀ ਹਿੰਸਾ ਦਾ ਤਿਆਗ, ਸਚਿਤ ਭੋਜਨ ਦਾ ਤਿਆਗ ਇਸ ਵਿਚ ਸ਼ਾਮਲ ਹੈ। ਪਰ ਇਸ ਵਿਚ ਕੰਮ ਕਾਰ ਸੰਬੰਧੀ ਹਿੰਸਾ ਦਾ ਤਿਆਗ ਨਹੀਂ । ਇਸ ਦਾ ਘਟੋ ਘਟ ਸਮਾਂ ਇਕ-ਦੋ-ਤਿੰਨ ਦਿਨ ਹੈ ਅਤੇ ਜ਼ਿਆਦਾ ਤੋਂ ਜਿਆਦਾ 8 ਮਹੀਨੇ ਹੈ ।

9) **ਭਰਿਤਕ ਪ੍ਰੇਸ਼ਯਾ ਆਰੰਭ ਵਰਜਨ ਪ੍ਰਤਿਮਾ :** ਇਸ ਪ੍ਰਤਿਮਾ ਵਿਚ ਉਪਾ-ਸਕ ਆਪਣੇ ਲਈ ਬਣਾਇਆ ਭੋਜਨ ਗ੍ਰਹਿਣ ਕਰਦਾ ਹੈ। ਪਰ ਨਾ ਤਾਂ ਭੋਜਨ ਸੰਬੰਧੀ ਹਿੰਸਾ ਆਪ ਕਰਦਾ ਹੈ ਨਾ ਕਰਵਾਉਂਦਾ ਹੈ । ਪਰ ਉਹ ਇਸ ਸੰਬੰਧੀ ਕਿਸੇ ਨੂੰ ਆਖਣ ਦਾ ਤਿਆਗ ਨਹੀਂ ਕਰਦਾ । ਇਸ ਪ੍ਰਤਿਮਾ ਦਾ ਸਮਾਂ ਘਟੋ ਘਟ ਇਕ-ਦੋ-ਤਿੰਨ ਦਿਨ ਜਿਆਦਾ ਤੋਂ ਜ਼ਿਆਦਾ 9 ਮਹੀਨੇ ਹੈ ।

10) **ਉਦਿਸ਼ਟ ਭਕਤ ਵਰਜਨ ਪ੍ਰਤਿਮਾ** : ਇਸ ਪ੍ਰਤਿਮਾ ਵਿਚ ਉਪਾਸਕ ਆਪਣੇ ਲਈ ਬਣਾਇਆ ਭੋਜਨ ਗ੍ਰਹਿਣ ਨਹੀਂ ਕਰਦਾ। ਸੰਸਾਰਿਕ ਮਾਮਲਿਆਂ ਵਿਚ ਸਿਰਫ ਹਾਂ ਜਾਂ ਨਾ ਵਿਚ ਹੀ ਉਤਰ ਦਿੰਦਾ ਹੈ ਵਿਸਥਾਰ ਨਾਲ ਨਹੀਂ । ਇਸ ਦਾ ਸਮਾਂ 1. 2, 3 ਦਿਨ ਤੋਂ ਲੈ ਕੇ 10 ਮਹੀਨੇ ਹੈ ।

11) **ਸ਼੍ਰਮਣ ਭੂਤ ਪ੍ਰਤਿਮਾ** : ਇਸ ਪ੍ਰਤਿਮਾ ਵਿਚ ਉਪਾਸਕ ਸਾਧੂ ਵਰਗਾ ਜੀਵਨ ਗੁਜਾਰਦਾ ਹੈ। ਪਰ ਉਹ ਘਰ ਤੋਂ ਭਿਖਿਆ ਲੈ ਸਕਦਾ ਹੈ ਸਿਰ ਦੇ ਵਾਲ ਉਸਤਰੇ ਨਾਲ ਮੁਨਾਉਂਦਾ ਹੈ। ਇਸ ਪ੍ਰਤਿਮਾ ਵਿਚ 5 ਮਹਾਵਰਤਾ ਦਾ, ਪੂਰਵ ਅਭਿਆਸ ਆਖੀ ਜਾ ਸਕਦੀ ਹੈ ਜੋ ਸਾਧੂ ਜੀਵਨ ਦਾ ਅਧਾਰ ਹਨ। ਇਸ ਦਾ ਸਮਾਂ 1-2-3 ਦਿਨ ਤੋਂ ਲੈ ਕੇ 11 ਮਹੀਨੇ ਹੈ ।

ਸਾਰੀਆਂ ਪ੍ਰਤਿਮਾਵਾਂ ਦਾ ਸਮਾਂ 5 ਸਾਲ ਹੈ। ਜੈਨ ਧਰਮ ਵਿਚ ਉਪਾਸਕ ਨੂੰ ਛੋਟਾਂ ਰਾਹੀਂ ਧਰਮ ਪਾਲਨ ਕਰਨ ਦੀ ਹਿਦਾਇਤ ਹੈ। ਸਾਧੂ ਹੋਵੇ ਜਾਂ ਉਪਾਸਕ ਸਭ ਦੀ ਆਤਮਾ ਉਦੇਸ਼ ਮੁਕਤੀ ਪ੍ਰਾਪਤ ਕਰਨਾ, ਅਰਹਿੰਤ ਸਿੱਧ ਬਨਣਾ ਹੈ। ਸੋ ਜੈਨ ਪ੍ਰੰਪਰਾ ਵਿਚ ਗ੍ਰਹਿਸਥ ਮਾਰਗ ਨੂੰ ਆਦਰਸ਼ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਉਪਾਸਕ ਲਈ ਦਾਨ, ਸ਼ੀਲ, ਤੱਪ ਅਤੇ ਭਾਵਨਾ ਦਾ ਪਾਲਨ ਕਰਨਾ ਜਰੂਰੀ ਹੈ।

# ਰਤਨ ਤ੍ਰੈ, ਸ਼ਰੁਤ ਧਰਮ ਮੁਕਤੀ ਦਾ ਰਾਹ

## ਸਮਿੱਅਕ ਗਿਆਨ

ਜੈਨ ਦਰਸ਼ਨ ਅਨੁਸਾਰ ਗਿਆਨ ਤੋਂ ਬਿਨਾਂ ਹਿੰਸਾ, ਕਰੁਣਾ ਆਦਿ ਵਰਤ ਬੇਕਾਰ ਹਨ। ਸੰਸਾਰਿਕ ਪਖੋਂ ਕੋਈ ਮਨੁੱਖ ਕਿੰਨੇ ਵੀ ਸ਼ਾਸਤਰਾਂ ਅਤੇ ਵਿਦਿਆਵਾਂ ਦਾ ਜਾਣਕਾਰ ਹੋਵੇ, ਪਰ ਜੇ ਉਸ ਦਾ ਗਿਆਨ ਸਮਿਅਕ (ਸਹੀ) ਨਾ ਹੋਵੇ,ਤਾਂ ਉਸ ਵਿਚ ਕਰਮ ਬੰਧਨ ਦਾ ਕਾਰਣ ਮੌਜੂਦ ਰਹਿੰਦਾ ਹੈ। ਇਹ ਗਿਆਨ ਦੋ ਪ੍ਰਕਾਰ ਦਾ ਹੈ : 1) ਦਰਵ (ਪੁਸਤਕ) ਸ਼ਰੁਤ 2) ਭਾਵ ਸ਼ਰੁਤ। (ਪੜਨ ਤੋਂ ਬਾਅਦ ਵਿਚ ਵਰਤੋਂ ਵਿਚ ਆਉਣ ਵਾਲਾ।) ਗਿਆਨ ਪ੍ਰਤਖ ਤੇ ਪਰੋਕਸ਼ ਦੋ ਪ੍ਰਕਾਰ ਦਾ ਵੀ ਹੈ।

ਅਧਿਆਤਮ ਪਖੋਂ ਉਹ ਸਮਿਅਕ ਗਿਆਨ ਹੈ, ਜਿਸ ਦੀ ਪ੍ਰਾਪਤੀ ਨਾਲ ਆਤਮਾ ਵਿਚ ਪਰਿਵਰਤਨ ਹੋਵੇ, ਕਸ਼ਾਇ ਠੰਡੇ ਹੋ ਜਾਣ, ਸੰਜਮ ਵਿਚ ਵਾਧਾ ਹੋਵੇ। ਆਤਮਾ ਸ਼ੁਧੀ ਹੋਵੇ।

ਸਮਿਅਕ ਗਿਆਨ, ਸਮਿਅਕ ਦਰਸ਼ਨ ਤੇ ਸਮਿਅਕ ਚਾਰਿਤਰ, ਮੁਕਤੀ ਦਾ ਕਾਰਣ ਬਣਦਾ ਹੈ। ਸਮਿਅਕਤਵ ਦਾ ਉਲਟ ਮਿਥਿਆਤਵ ਹੈ ਜੋ ਸੰਸਾਰ ਵਿਚ ਜਨਮ ਮਰਨ ਦਾ ਕਾਰਣ ਬਣਦਾ ਹੈ। ਸਮਿਅਕੱਤਵ ਤੋਂ ਭਾਵ ਸਮਿਅਕ ਦਰਸ਼ਨ ਹੈ।

### ਸਮਿਅਕ ਗਿਆਨ ਦੀਆਂ ਕਿਸਮਾਂ

ਸਮਿਅਕ ਦਰਸ਼ਨ ਦਾ ਸਾਥੀ ਸਮਿਅਕ ਗਿਆਨ 5 ਪ੍ਰਕਾਰ ਦਾ ਹੈ। (1) ਮਤੀ ਗਿਆਨ (2) ਸ਼ਰੁਤ ਗਿਆਨ (3) ਅਵਧੀ ਗਿਆਨ (4) ਮਨ ਪ੍ਰਯਅਵ ਗਿਆਨ (5) ਕੇਵਲ ਗਿਆਨ।

### ਮਤੀ ਗਿਆਨ

ਪੰਜ ਇੰਦਰੀਆਂ ਅਤੇ ਮਨ ਦੀ ਸਹਾਇਤਾ ਨਾਲ ਹੋਣ ਵਾਲਾ ਗਿਆਨ ਮਤੀ ਗਿਆਨ ਹੈ। ਇਹ ਇੰਦਰੀਆਂ ਹਨ (1) ਸਪਰਸ਼ਨ ਇੰਦਰੀਆਂ 2) ਰਸਨ ਇੰਦਰੀਆ 3) ਪ੍ਰਾਣ ਇੰਦਰੀਆਂ 4) ਚਖਸ਼ੂ ਇੰਦਰੀ 5) ਸਰੋਤ (ਸੁਣਨ ਵਿਚ ਸਹਾਇਕ ਇੰਦਰੀ)।

ਮਤੀ ਗਿਆਨ ਦੇ 340 ਭੇਦ ਉਪਭੇਦ ਹਨ। ਇਸ ਦੀ ਵਿਸਥਾਰ ਨਾਲ ਵਿਆ-ਖਿਆ ਨੰਦੀ ਸੂਤਰ ਵਿਚ ਮਿਲਦੀ ਹੈ।

ਮਤੀ ਗਿਆਨ ਚਾਰ ਪ੍ਰਕਾਰ ਦਾ ਹੈ :

1) ਪਹਿਲਾ ਇਹ ਪਤਾ ਚਲਦਾ ਹੈ ਕਿ 'ਕੁਝ ਹੈ' ਇਸ ਨੂੰ ਅਵਗ੍ਰਹਿ ਆਖਦੇ ਹਨ।
2) ਬਾਅਦ ਵਿਚ ਇਹ ਕੀ ਹੋਵੇਗਾ ? ਇ੍ਹ ਨਹੀਂ ਇਹ ਸੰਭਵ ਹੈ ਇਸਨੂੰ ਈਹਾ ਆਖਦੇ ਹਨ
3) ਇਸ ਤੋਂ ਬਾਅਦ ਇਹ ਉਹੀ ਹੈ ਇਸਨੂੰ ਨਿਰਣਾ ਅਪਾਏ ਆਖਦੇ ਹਨ।
4) ਫੇਰ ਇਸਨੂੰ ਨਾ ਭੁਲਣ ਦੀ ਸਾਵਧਾਨੀ ਧਾਰਨਾ ਹੈ।

ਅਵਿਗ੍ਰਹਿ ਦੋ ਪ੍ਰਕਾਰ ਦਾ ਹੈ 'ਇਸ ਗਲ ਦੇ ਅਹਿਸਾਸ ਦੇ ਲਈ ਪਦਾਰਥ ਤੇ ਇੰਦਰੀਆਂ ਦਾ ਸੰਪਰਕ ਹੁੰਦਾ ਹੈ ਜੋ ਅਣ ਕਿਹਾ, ਧੁੰਧਲਾ ਹੁੰਦਾ ਹੈ। ਇਸ ਸਮੇਂ ਵੀ ਚੇਤਨ ਜਗਰਿਤ ਰਹਿੰਦੀ ਹੈ ਇਹ ਵਿਅੰਜਨ ਅਵਿਗ੍ਰਹਿ ਹੈ। ਕਿਸੇ ਪਦਾਰਥ ਦਾ ਅਹਿਸਾਸ ਹੋ ਰਿਹਾ ਹੈ ਉਹ ਅਰਥ ਅਭਿਗ੍ਰਹਿ ਹੈ।

ਮਤੀ ਗਿਆਨ ਅਨੁਸਾਰ ਬੁਧੀ ਚਾਰ ਪ੍ਰਕਾਰ ਦੀ ਹੈ :

1) ਔਤਪਾਤਿਕ ਬੁਧੀ : ਵਿਸ਼ਾਲ ਸਮਸਿਆ ਨੂੰ ਬਿਨਾਂ ਕਿਸੇ ਦੀ ਮੱਦਦ ਫੋਰੀ ਸੁਲਝਾਉਣ ਵਾਲੀ ਬੁਧੀ।

2) ਵੈਨਯਿਕੀ ਬੁਧੀ : ਸਿਖਿਆ ਰਾਹੀਂ ਵਿਕਸਿਤ ਬੁਧੀ।

3) ਕਾਰਮਿਕੀ ਬੁਧੀ : ਕੰਮ ਕਰਦੇ ਕਰਦੇ ਅਨੁਭਵ ਗਿਆਨ ਨਾਲ ਬੁਧੀ ਦਾ ਵਿਕਾਸ ਹੋ ਜਾਣਾ।

4) ਪਰਿਣਾਮਿਕੀ ਬੁਧੀ : ਉਮਰ ਮੁਤਾਬਿਕ ਬੁਧੀ ਦਾ ਵਿਕਾਸ ਹੋਣਾ।

## ਸ਼ਰੁਤ ਗਿਆਨ

ਮਤੀ ਗਿਆਨ ਤੋਂ ਬਾਅਦ ਜੋ ਚਿੰਤਨ, ਸੋਚ ਵਿਚਾਰ ਨਾਲ ਗਿਆਨ ਪੱਕਾ ਹੋ ਜਾਂਦਾ ਹੈ ਉਹ ਸ਼ਰੁਤ ਗਿਆਨ ਹੈ। ਸ਼ਰੁਤ ਗਿਆਨ ਇੰਦਰੀਆਂ ਰਾਹੀਂ ਅਤੇ ਮਨ ਰਾਹੀਂ ਹੋਣ ਦੇ ਬਾਵਜੂਦ ਸ਼ਬਦਾਂ ਰਾਹੀਂ ਪ੍ਰਗਟ ਕੀਤਾ ਜਾ ਸਕਦਾ ਹੈ। ਜਿਵੇਂ ਜਦ ਸ਼ਬਦ ਸੁਣਾਈ ਦਿੰਦਾ ਹੈ ਤਕ ਉਸ ਦਾ ਅਰਥ ਯਾਦ ਹੁੰਦਾ ਹੈ। ਫੇਰ ਸ਼ਬਦ ਅਤੇ ਅਰਥ ਦੇ ਆਧਾਰ ਤੇ ਜੋ ਗਿਆਨ ਹੁੰਦਾ ਹੈ ਉਹ ਸ਼ਰੁਤ ਗਿਆਨ ਹੁੰਦਾ ਹੈ। ਸ਼ਾਸਤਰਕਾਰਾਂ ਨੇ ਸ਼ਰੁਤ ਗਿਆਨ ਦੇ 14 ਭੇਦ ਦਸੇ ਹਨ।

1) ਅਖਰ ਸ਼ਰੁਤ : ਸਵੱਰ ਤੇ ਵਿਅੰਜਨਾ ਰਾਹੀਂ ਹੋਣ ਵਾਲਾ ਗਿਆਨ।

2) ਅਨਅਕਸ਼ਰ ਸ਼ਰੁਤ : ਛੀਕੱ ਅੱਖ ਜਾਂ ਹੋਰ ਇਸ਼ਾਰੇ ਨਾਲ ਹੋਣ ਵਾਲਾ ਗਿਆਨ।

3) ਸੰਗਿਆ ਸ਼ਰੁਤ : ਇਹ ਤਿੰਨ ਪ੍ਰਕਾਰ ਦਾ ਹੈ।

ੳ) ਦੀਰਘਕਾਲਕੀ : ਇਸ ਰਾਹੀਂ ਭੂਤ ਭਵਿੱਖ ਦਾ ਵਿਚਾਰ ਕੀਤਾ ਜਾਵੇ।

ਅ) ਹੇਤੂ ਪ੍ਰਦੇਸ਼ਕੀ : ਜਿਸ ਵਿਚ ਸਿਰਫ ਵਰਤਮਾਨ ਦੇ ਪਖੋਂ ਭੋਜਨ ਆਦਿ ਦਾ ਬੁਧੀ ਪੂਰਵਕ ਵਿਚਾਰ ਕੀਤਾ ਜਾਂਦਾ ਹੈ।

ੲ) ਦਰਿਸ਼ਟੀਵਾਦ ਉਪਦੇਸ਼ਕੀ : ਆਤਮ ਕਲਿਆਣ ਕਾਰੀ ਉਪਦੇਸ਼ ਰਾਹੀਂ ਹੋਣ ਵਾਲਾ ਗਿਆਨ ਦਰਿਸ਼ਟੀਵਾਦ ਉਪਦੇਸ਼ਕੀ ਹੈ।

4) ਅਸੰਗੀ ਸ਼ਰੁਤ : ਅਸੰਗੀ (ਅਵਿਕਸਤ ਮਨ ਨਾਲ) ਜੀਵਾਂ ਨੂੰ ਹੋਣ ਵਾਲਾ ਸ਼ਰੁਤ ਗਿਆਨ। ਇਹ ਜੀਵ ਤਿੰਨ ਪ੍ਰਕਾਰ ਦੇ ਹੁੰਦੇ ਹਨ 1) ਲੰਬੇ ਸਮੇਂ ਤਕ ਵਿਚਾਰ ਨਾ ਕਰਨ ਵਾਲੇ 2) ਬਹੁਤ ਹੀ ਸੂਖਮ ਮਨ ਵਾਲੇ ਜੀਵ 3) ਮਿਥਿਆ ਸ਼ਰੁਤ ਵਿਚ ਵਿਸ਼ਵਾਸ ਕਰਨ ਵਾਲੇ।

5) ਸਮਿਅਕ ਸ਼ਰੁਤ : ਸਰੱਵਗ, ਸਰਵਦਰਸ਼ੀ ਅਰਿਹੰਤ ਭਗਵਾਨ ਰਾਹੀਂ ਦਰਸਾਇਆ ਗਿਆ, ਅੰਗਾਂ ਅਤੇ ਉਪਾਂਗਾਂ ਦਾ ਗਿਆਨ।

6) ਮਿਥਿਆ ਸ਼ਰੁਤ : ਹਿੰਸਕ ਗ੍ਰੰਥਾਂ ਦਾ ਗਿਆਨ, ਅਗਿਆਨੀਆ ਰਾਹੀਂ ਰੱਚੇ ਸਾਸ-

ਤਰਾਂ ਦਾ ਗਿਆਨ, ਸਰਵੱਗ ਪੁਰਸ਼ਾ ਦੀ ਪਰੰਪਰਾ ਤੋਂ ਉਲਟ ਸ਼ਾਸਤਰਾਂ ਦਾ ਗਿਆਨ।

7-8) ਸਾਦੀ ਸ਼ਰੁਤ ਅਤੇ ਅਨਾਦੀ ਸ਼ਰੁਤ : ਜਿਸ ਦਾ ਸ਼ੁਰੂ ਹੋਵੇ ਉਹ ਸਾਦੀ ਸ਼ਰੁਤ ਹੈ ਜੋ ਸ਼ੁਰੂ ਰਹਿਤ ਹੈ ਉਹ ਅਨਾਦੀ ਹੈ।

9-10) ਸਪਰਿਵਸਿਤ ਅਪਰਿਵਸਿਤ ਸ਼ਰੁਤ : ਜਿਸ ਦਾ ਅੰਤ ਹੋਵੇ ਉਹ ਸਪਰਿਵਸਿਤ ਸ਼ਰੁਤ ਹੈ ਜਿਸ ਦਾ ਅੰਤ ਨਾ ਹੋਵੇ ਉਹ ਅਪਰਿਵਸਿਤ ਸ਼ਰੁਤ ਹੈ।

11-12) ਗਮਿਕ ਸ਼ਰੁਤ, ਅਗਿਮਕ ਸ਼ਰੁਤ : ਜਿਸ ਵਿਚ ਸਾਫ ਪਾਠ ਹੋਵੇ ਓਹ ਗਮਿਕ ਸ਼ਰੁਤ ਹੈ। ਜਿਸ ਦਾ ਪਾਠ ਔਜਲ ਹੋਵੇ ਉਹ ਅਗਮਿਕ ਸ਼ਰੁਤ ਹੈ।

13-14) ਅੰਗ ਪ੍ਰਵਿਸ਼ਟ ਅਤੇ ਅੰਗ ਬਾਹਰ : 11 ਅੰਗ, ਪ੍ਰਵਿਸ਼ਟ ਹਨ ਅਤੇ 12 ਉਪਾਂਗ ਅੰਗ ਵਾਹਰ ਹਨ।

ਸਮਿਅਕ ਸ਼ਾਸਤਰ ਵੀਤਰਾਗ ਪੁਰਸ਼ਾ ਰਾਹੀਂ ਆਖੇ, ਨਾ ਬਦਲਣਯੋਗ, ਤੱਤਵਾਂ ਦਾ ਗਿਆਨ ਕਰਾਉਣ ਵਾਲੇ, ਸੰਸਾਰ ਦਾ ਹਿੱਤ ਕਰਨ ਵਾਲੇ ਹਨ। ਸੋ ਇਨ੍ਹਾਂ ਸ਼ਾਸਤਰ ਦਾ ਗਿਆਨ ਪਰਮ ਆਵਸ਼ਕ ਹੈ।

## ਅਵਧੀ ਗਿਆਨ

ਇੰਦਰੀਆਂ ਤੇ ਮਨ ਦੀ ਸਹਾਇਤਾ ਤੋਂ ਬਿਨਾਂ ਆਤਮਾ ਜਿਸ ਗਿਆਨ ਦੁਆਰਾ ਮਰਿਆਦਾ ਦੇ ਅੰਦਰ ਰੂਪੀ (ਸ਼ਕਲ ਵਾਲੇ) ਪਦਾਰਥਾ ਦਾ ਗਿਆਨ ਹੋਵੇ ਉਹ ਅਵਧੀ ਗਿਆਨ ਹੈ।

ਅਵਧੀ ਗਿਆਨ ਦੋ ਪ੍ਰਕਾਰ ਦਾ ਹੈ ਨਾਰਕੀ ਦੇਵਤੇ ਦਾ ਗਿਆਨ ਭੱਵ ਪ੍ਰਤਯ ਹੈ ਕਿਉਂਕਿ ਇਹ ਉਨ੍ਹਾਂ ਦੇ ਜਨਮ ਦੇ ਨਾਲ ਹੀ ਪੈਦਾ ਹੁੰਦਾ ਹੈ ਅਤੇ ਮੌਤ ਤਕ ਚਲਦਾ ਹੈ।

ਮਨੁੱਖਾਂ ਅਤੇ ਪਸ਼ੂ ਗਤੀ ਦੇ ਜੀਵਾਂ ਦਾ ਗਿਆਨ ਗੁਣ ਪ੍ਰਤਯ ਹੈ। ਕਿਉਂਕਿ ਇਹ ਗਿਆਨ ਤੱਪ ਕਾਰਣ ਪੈਦਾ ਹੁੰਦਾ ਹੈ, ਸੋ ਮਨੁੱਖ ਅਤੇ ਪਸ਼ੂ ਗਤੀ ਦੇ ਜੀਵਾਂ ਵਿਚ ਇਹ ਗਿਆਨ ਨਿਸ਼ਚਿਤ ਹੋਂਦ ਤੋਂ ਵਧ ਜਾਂ ਘੱਟ ਉਨਾ ਦੇ ਧਰਮ ਧਿਆਨ ਅਨੁਸਾਰ ਪੈਦਾ ਹੁੰਦਾ ਹੈ।

## ਮਨ ਪ੍ਰਯਵਭ ਗਿਆਨ

ਜਿਸ ਗਿਆਨ ਰਾਹੀਂ ਢਾਈ ਦੀਪ ਵਿਚ ਰਹਿਣ ਵਾਲੇ ਮਨ ਵਾਲੇ (ਸੰਗੀ) ਪੰਜ ਇੰਦਰੀਆਂ ਵਾਲੇ ਜੀਵਾਂ ਦੇ ਅੰਦਰਲੇ ਮਨ ਦੀ ਗੱਲ ਜਾਣੀ ਜਾ ਸਕੇ, ਓਹ ਮਨ ਪ੍ਰਯਵਭ ਗਿਆਨ ਹੈ। ਇਹ ਪ੍ਰਤੱਖ ਗਿਆਨ ਹੈ। ਜਦ ਨਿਰਮਲ ਆਤਮਾ ਮਨ ਰਾਹੀਂ ਵਿਚਾਰ ਕਰਦੀ ਹੈ ਚਿੰਤਨ ਕਰਦੀ ਹੈ, ਤਾਂ ਮਨ ਵਰਗਨਾ ਦੇ ਅਕਾਰ ਦੀ ਰਚਨਾ ਹੁੰਦੀ ਹੈ ਜੋ ਮਨ ਦੇ ਪਰਿਆਏ (ਅਵਸਥਾਵਾਂ) ਹੁੰਦੀਆਂ ਹਨ। ਇਹ ਗਿਆਨ ਵਿਕਸ਼ਿਤ ਮਨ ਵਾਲੇ ਸੰਗੀ ਪੰਜ ਇੰਦਰੀਆਂ ਪ੍ਰਾਣੀ ਨੂੰ ਹੁੰਦਾ ਹੈ। ਇਹ ਗਿਆਨ ਦੋ ਪ੍ਰਕਾਰ ਦਾ ਹੈ।

1) ਰਿਜੁਮਤੀ : ਮਨ ਦੇ ਅੰਦਰ ਚਲਣ ਵਾਲੇ ਵਿਚਾਰਾਂ ਨੂੰ ਸਧਾਰਣ ਰੂਪ ਵਿਚ ਜਾਣਨਾ। ਜਿਵੇਂ ਇਹ ਮਨੁੱਖ ਘੜੇ ਦਾ ਚਿੰਤਨ ਕਰ ਰਿਹਾ ਹੈ।

2) ਵਿਪੁਲਮਤੀ : ਮਨ ਦੇ ਅੰਦਰ ਚਲਣ ਵਾਲੇ ਖਾਸ ਵਿਚਾਰ ਦਾ ਗਿਆਨ।

## ਕੇਵਲ ਗਿਆਨ

ਇਸ ਗਿਆਨ ਦੀ ਅਚਾਰਿਆ ਸਮਰਾਟ ਪੂਜਯ ਸ੍ਰੀ ਆਤਮਾ ਰਾਮ ਜੀ ਮਹਾਰਾਜ ਨੇ ਸ੍ਰੀ ਨੰਦੀ ਸੂਤਰ ਦੀ ਵਿਆਖਿਆ ਪੰਨਾ 63 ਤੇ ਇਸ ਪ੍ਰਕਾਰ ਕੀਤੀ ਹੈ।

1) ਜਿਸਦੇ ਪੈਦਾ ਹੋਣ ਨਾਲ ਚਾਰੇ ਪਹਿਲੇ ਚਾਰ ਗਿਆਨ ਇਕ ਹੋ ਜਾਂਦੇ ਹਨ ਅਤੇ ਇਕ ਹੀ ਗਿਆਨ ਰਹਿ ਜਾਂਦਾ ਹੈ ਉਹ ਕੇਵਲ ਗਿਆਨ ਹੈ।

2) ਜੋ ਗਿਆਨ ਕਿਸੇ ਦੀ ਸਹਾਇਤਾ ਤੋਂ ਬਿਨਾਂ ਸਭ ਪਦਾਰਥਾਂ ਬਾਰੇ ਜਾਣਦਾ ਹੈ ਬਿਨਾਂ ਕਿਸੇ ਵਿਗਿਆਨਕ ਯੰਤਰ ਤੋਂ ਜੋ ਰੂਪੀ, ਅਰੂਪੀ, ਮੂਰਤ, ਅਮੂਰਤ ਪਦਾਰਥਾਂ ਨੂੰ ਇਸ ਪ੍ਰਕਾਰ ਵੇਖਦਾ ਹੈ ਜਿਵੇਂ ਸਾਹਮਣੇ ਫਿਲਮ ਚਲ ਰਹੀ ਹੋਵੇ। ਉਸ ਨੂੰ ਕੇਵਲ ਗਿਆਨ ਆਖਦੇ ਹਨ।

3) ਜੋ ਇਕ ਪਦਾਰਥ ਦੀਆਂ ਸਭ ਪਰਿਆਏ (ਸੁਭਾਅ) ਨੂੰ ਜਾਣਦਾ ਹੈ ਉਹ ਕੇਵਲ ਗਿਆਨ ਹੈ।

4) ਜੋ ਗਿਆਨ ਇਨ੍ਹਾਂ ਮਹਾਨ ਹੈ ਇਸ ਤੋਂ ਵੱਧ ਕੋਈ ਗਿਆਨ ਨਹੀਂ ਜੋ ਅਨੰਤ-ਅਨੰਤ ਜਾਨਣ ਦੀ ਸ਼ਕਤੀ ਰੱਖਦਾ ਹੈ। ਜੋ ਪੈਦਾ ਹੋ ਕੇ ਖਤਮ ਨਹੀਂ ਹੁੰਦਾ ਹੈ ਉਹ ਕੇਵਲ ਗਿਆਨ ਹੈ।

5) ਜੋ ਹਮੇਸ਼ਾ ਰਹਿਣ ਵਾਲਾ ਬੇਅੰਤ ਹੈ ਉਹ ਕੇਵਲ ਗਿਆਨ ਹੈ।

6) ਜੋ ਰਾਗ, ਦਵੇਸ਼ ਮੋਹ, ਲੋਭ, ਕਾਮ, ਕਰੋਧ ਤੋਂ ਰਹਿਤ ਹੈ ਉਹ ਕੇਵਲ ਗਿਆਨ ਹੈ।

ਗਿਆਨ ਵਰਨੀਆਂ ਆਦਿ ਪ੍ਰਾਪਤ ਕਰਮਾਂ ਦਾ ਖਾਤਮਾ ਇਸ ਗਿਆਨ ਵਿਚ ਹੋ ਜਾਂਦਾ ਹੈ। ਬਾਕੀ ਦੇ 4 ਕਰਮ ਜੋ ਅਘਾਤੀ ਹਨ ਉਨ੍ਹਾਂ ਦਾ ਖਾਤਮਾ ਆਤਮਾ ਦੇ ਪ੍ਰਮਾਤਮਾ ਸਿਧ ਜਾਂ ਨਿਰਵਾਨ ਅਵਸਥਾ ਸਮੇਂ ਹੋ ਜਾਂਦਾ ਹੈ। ਹਰ ਅਰਿਹੰਤ, ਜਾਂ ਤੀਰਥੰਕਰ ਕੇਵਲ ਗਿਆਨੀ ਹੁੰਦਾ ਹੈ। ਸੋ ਜੈਨ ਧਰਮ ਵਿਚ ਇਹੋ ਜਿੰਦਗੀ ਦੀ ਅੰਤਿਮ ਮੰਜਿਲ ਹੈ ਜਨਮ ਮਰਨ ਦਾ ਖਾਤਮਾ ਹੀ ਕਰਮ ਪ੍ਰੰਪਰਾਂ ਦਾ ਖਾਤਮਾ ਹੈ।

ਤਿੰਨ ਕਾਲਾਂ ਦੇ ਸਾਰੇ ਦਰਵਾਂ ਦੀ ਸਾਰੀ ਪਰਿਆਏ ਨੂੰ ਪ੍ਰਤਖ ਵੇਖਣਾ ਕੇਵਲ ਗਿਆਨ ਹੈ। ਇਹ ਉਸ ਸਮੇਂ ਪ੍ਰਗਟ ਹੁੰਦਾ ਹੈ ਜਦ ਆਤਮ ਸਮਕਿਤ ਸਹਿਤ ਸਰਵ ਵਿਰਤਿ ਚਰਿੱਤਰ ਅਪ੍ਰਮਤ, ਅਪਰੁਵ ਕਰਨ ਆਦਿ ਗੁਣ ਸਥਾਨ ਤੇ ਚੜਦਾ ਹੋਇਆ ਸ਼ਕੁਲ ਧਿਆਨ ਰਾਹੀਂ ਮੋਹਨੀਆ ਕਰਮ ਦਾ ਨਾਮ ਨਾਸ ਕਰਕੇ 4ਾ ਘਤੀ ਕਰਮਾਂ ਦਾ ਖਾਤਮਾ ਕਰ ਦਿੰਦਾ ਹੈ।